ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

31

October - December 2018

ਸੈਨੀ ਸੰਸਾਰ

Saini Sansar

ਦੀਵਾ ਬਲੈ
ਅੰਧੇਰਾ ਜਾਇ



Happy Diwali

ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਸੈਣੀ ਭਵਨ ਦੀਆਂ ਸਰਗਰਮੀਆਂ
- ਖੇਡ ਅਤੇ ਖਿਡਾਰੀ
- ਰੌਚਿਕ ਸਾਹਿਤਕ ਰਚਨਾਵਾਂ
- ਸਿਹਤਮੰਦ ਜੀਵਨ ਜਾਚ
- ਬੇਤਾਜ ਬਾਦਸ਼ਾਹ ਜਥੇਦਾਰ ਬਘੇਲ ਸਿੰਘ
- ਗਿਆਨ, ਵਿਗਿਆਨ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

R.N.I. No. : PUNBIL/2011/48578

Volume - VIII, Issue - IV

Saini Sansar

(Quarterly)

October - December 2018

PUBLISHER, PRINTER & OWNER
Kaka Ram Saini Charitable Trust (Regd.)
Saini Bhawan,
Roopnagar-140001 (Pb.)

PRINTING PRESS
Tej Printing Press
Phool Chakkar Bazar,
Roopnagar -140001 (Pb.)

PLACE OF PUBLICATION
Saini Bhawan
Roopnagar -140001 (Pb.)

CHIEF EDITOR (HONORARY)
Dr. Ajmer Singh Tamber
B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

FOUNDER

Late Sh. L.R. Mundra
Asstt. Police Commissioner (Delhi) (Retd.)

CHIEF EDITOR

Dr. Ajmer Singh Tamber
Dy. Director (Edu.) Pb. (Retd.)
Ph. : 94176-02835

MANAGER (Accounts)
S. Rajinder Singh
Supdtt. Secretriate (Retd.)
Ph. : 94646-49922

MANAGER (Circulation)
S. Ajmer Singh Dhamrait
Supdt. Edu. Deptt. (Retd.)
Ph. : 9417586075

EDITORIAL BOARD

Dr. Jaswant Kaur Saini
Associate Professor (Retd.)
Ph. : 94178-02835

S. Balbir Singh Saini
Editor Magzine "Sool Surahi"
Ph. : 94646-47540

Sh. Rajinder Saini
Asstt. Public Relations Officer (Retd.)
Ph. : 98722-20400

S. Surinder Singh
Inspector Health Deptt. (Rtd.)
Ph. : 99880-06822

Assistant Manager (Circulation)
S. Gurcharan Singh
Supdt. Edu. Deptt. (Retd.)
Ph. : 01881220040

ADVISORS :

India : **S. Bahadurjeet Singh** President Rupnagar Press Club.
Sh. Narinder 'Nindi' Director Pb. Arts International Chd.

Australia : **S. Malkiat Singh Saini,**
#4, Arnika Court, Jereme Grove, Glenwoood, Sydney-Australia

U.S.A. : **Dr. Manavpreet Kaur** Professor (English)
2421, Bryce Wood Lane, Plano-Tx-75025 (USA).

U.K. : **Sh. Tarsem Singh Saini**
14, Forest Road, Cambridge-CB1 9JB (U.K.)

Canada : **Dr. D.P. Singh**
2516, Pollard, Drive Mississauga, Ontario, Canada-LSC3HI

Subscription / Assistance Money	India	Abroad	ਚੰਦਾ/ਸਹਾਇਤਾ ਰਾਸ਼ੀ	ਭਾਰਤ	ਵਿਦੇਸ਼
One Copy	₹ 30	2 £, 4 $, 4 €	ਇੱਕ ਕਾਪੀ	30 ਰੁਪਏ	2 ਪੌਂਡ, 4 ਡਾਲਰ, 4 ਯੂਰੋ
Annual (Four Copies)	₹ 100	8 £, 15 $, 15 €	ਸਾਲਾਨਾ (ਚਾਰ ਕਾਪੀਆਂ)	100 ਰੁਪਏ	8 ਪੌਂਡ, 15 ਡਾਲਰ, 15 ਯੂਰੋ
For Five Years	₹ 500	40 £, 75 $, 75 €	ਪੰਜ ਸਾਲ (20 ਕਾਪੀਆਂ)	500 ਰੁਪਏ	40 ਪੌਂਡ, 75 ਡਾਲਰ, 75 ਯੂਰੋ

ਨੋਟ : ਆਪ ਦਾ ਚੰਦਾ [ ] ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
President, Kaka Ram Saini Charitable Trust (Regd.)
Saini Bhavan, Roopnagar-140001, Punjab - India
Ph. : 01881-220078, 220181
Our Bank : Indian Bank, Ropar. IFSC Code : IDIB000R027 Account No. : 833562779
E-mail : sainibhawanrpr@gmail.com
Website : www.sainibhawan.org

Date of Publication : 04.10.2018

ਸੈਣੀ ਸੰਸਾਰ
(ਤਿਮਾਹੀ)

ਜਿਲਦ 8, ਅੰਕ 4 — ਅਕਤੂਬਰ - ਦਸੰਬਰ 2018

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਦੀਵਾਲੀ ਦਾ ਤਿਉਹਾਰ

ਤੱਤਕਰਾ

ਕੀ	ਕਿੱਥੇ
ਸੰਪਾਦਕੀ	3-4
ਕਵਿਤਾ - ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ	5
ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ	6-8
ਗੁਰੂ ਨਾਨਕ ਦੇਵ ਜੀ ਦੀ ਜਗਨਨਾਥ ਪੁਰੀ ਯਾਤਰਾ	9-10
ਮਹਾਰਾਣੀ ਵਿਕਟੋਰੀਆ ਦਾ ਐਸਬੌਰਨ ਮਹਿਲ	11
ਕਹਾਣੀ - ਲਾਵਾਰਿਸ	12-13
ਆਓ! ਸ਼ੁਰੂਆਤ ਕਰੀਏ	14
ਰੈਗੂਲਰ ਵਜ਼ੀਫਿਆਂ ਦੇ ਮਹਾਦਾਨੀ ਸੱਜਣ	15-16
ਕਵਿਤਾ - ਧੀਆਂ	17
Donors of Regular Scholarships 2018-19	18
ਲੇਖ - ਦੇਸ਼ ਪ੍ਰੇਮ	19-20
ਚੁੰਢੀਆਂ	201
Importance of Clan in Marital Alliance	21-22
ਦੋ ਗਜ਼ਲਾਂ	22
ਸਿਰਕੱਢ ਸੈਣੀ ਸਖਸ਼ੀਅਤ	23
ਆਰਥਿਕ ਸਹਾਇਤਾ ਲਈ ਧੰਨਵਾਦ	24
ਰਾਜਾ ਭੂਪ ਸਿੰਘ ਵਲੋਂ ਵਸਾਏ ਸੈਣੀ ਪਿੰਡ	25
ਬੇਤਾਜ ਬਾਦਸ਼ਾਹ - ਜਥੇਦਾਰ ਬਘੇਲ ਸਿੰਘ	26
18ਵੀਆਂ ਏਸ਼ੀਆਈ ਖੇਡਾਂ	27-28
ਕਹਾਣੀ - ਹਉਕਾ	29-31
ਵੋਟ ਰਾਜ ਬਣਦਾ ਜਾ ਰਿਹਾ ਭਾਰਤੀ ਲੋਕ ਰਾਜ	32-33
ਮੰਗਲ ਗ੍ਰਹਿ ਤੇ ਵਸਣ ਲਈ ਬੁਕਿੰਗ ਸ਼ੁਰੂ ਹੈ	34
ਜੋ ਇਤਿਹਾਸ ਸਿਰਜ ਗਏ	35
ਧੀ ਕਿਵੇਂ ਬਣੇ ਚੰਗੀ ਨੂੰਹ	36-37
The most precious time of my life	38
ਜਰੂਰੀ ਸੂਚਨਾ	39
Matrimonials	40-44

"ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

	ਇੱਕ ਕਾਪੀ	ਸਾਲਾਨਾ (ਚਾਰ ਕਾਪੀਆਂ)
ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ)	: 3500 ਰੁ:	13000 ਰੁ:
ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ)	: 3000 ਰੁ:	11000 ਰੁ:
ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 2000 ਰੁ:	7000 ਰੁ:
ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ)	: 2500 ਰੁ:	9000 ਰੁ:
ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ)	: 1500 ਰੁ:	5500 ਰੁ:
ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ)	: 2000 ਰੁ:	7000 ਰੁ:
ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ)	: 1300 ਰੁ:	5000 ਰੁ:
ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ	4 ਸੈ.ਮੀ. x 6 ਸੈ.ਮੀ. : 500 ਰੁ:	8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



ਸੋਚਣ ਤੇ ਕੁੱਝ ਕਰਨ ਦਾ ਵੇਲਾ

ਅਜਮੇਰ ਸਿੰਘ (ਡਾ.)
ਰੂਪਨਗਰ

ਆਖਿਰ ਉਹੋ ਹੋਣ ਲੱਗਾ ਹੈ ਜਿਸ ਦਾ ਡਰ ਸੀ। 'ਗੁਲਾਬ' ਵਰਗਾ ਪੰਜਾਬ ਮੁਰਝਾਉਣ ਲੱਗਾ ਹੈ। ਪੰਜਾਬੀਆਂ ਨੂੰ ਇਸ ਵਿੱਚੋਂ ਦੁਰਗੰਧ ਆਉਣ ਲੱਗੀ ਹੈ ਅਤੇ ਇਸ ਨੂੰ ਕਿਸੇ ਬੇਇਲਾਜ ਬਿਮਾਰੀ ਲੱਗਣ ਦਾ ਡਰ ਵੱਢ ਵੱਢ ਖਾਣ ਲੱਗਾ ਹੈ। ਇਸ ਧਰਤੀ ਦੀ ਸਲਾਮਤੀ ਲਈ ਕੁਰਬਾਨੀਆਂ ਕਰਨ ਵਾਲੇ ਹੀ ਇਸ ਤੋਂ ਡਰ ਕੇ ਵਿਦੇਸ਼ਾਂ ਵਿੱਚ ਪਨਾਹ ਲੈਣ ਲਈ ਤਿਆਰ ਬੈਠੇ ਹਨ। ਇੱਥੇ ਕਈ ਸਮਾਜਿਕ ਤੇ ਆਰਥਿਕ ਅਲਾਮਤਾਂ ਪੈਦਾ ਹੋਣ ਦੇ ਚਿਨ੍ਹ ਪ੍ਰਗਟ ਹੋਣ ਲੱਗੇ ਹਨ। ਇਨ੍ਹਾਂ ਵਿੱਚੋਂ ਇੱਕ ਦੀ ਪੁਸ਼ਟੀ ਇਸ ਸਾਲ ਹੋ ਗਈ ਹੈ। ਖਬਰਾਂ ਹਨ ਕਿ ਯੂਨੀਵਰਸਟੀਆਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਦੇ ਦਾਖਲੇ ਘਟ ਰਹੇ ਹਨ। ਇਹ ਗੱਲ ਕੇਵਲ ਸਾਧਾਰਨ ਪੇਂਡੂ ਆਰਟਸ ਕਾਲਜਾਂ ਦੀ ਨਹੀਂ ਬਲਕਿ ਯੂਨੀਵਰਸਿਟੀਆਂ ਅਤੇ ਟੈਕਨੀਕਲ, ਡਾਕਟਰੀ ਤੇ ਹੋਰ ਪ੍ਰੋਫੈਸ਼ਨਲ ਕਾਲਜਾਂ ਦੀ ਹੈ ਜਿਨ੍ਹਾਂ ਵਿੱਚ ਪਹਿਲਾਂ ਦਾਖਲੇ ਟੈਸਟਾਂ ਦੀ ਮੈਰਿਟ ਅਨੁਸਾਰ ਹੁੰਦੇ ਸਨ। ਇਸ ਨਵੇਂ ਰੁਝਾਨ ਨਾਲ ਅਸਥਾਈ ਅਤੇ ਠੇਕੇ 'ਤੇ ਰੱਖੇ ਅਧਿਆਪਕਾਂ ਦੇ ਸਿਰ ਛਾਂਟੀ ਦੀ ਤਲਵਾਰ ਲਟਕਣ ਲੱਗੀ ਹੈ। ਇਸ ਨਾਲ ਬੇਰੁਜ਼ਗਾਰੀ ਹੋਰ ਵਧ ਜਾਵੇਗੀ। ਇਸ ਦੇ ਉਲਟ ਆਈਲਟਸ ਕਰਵਾਉਣ ਵਾਲੇ ਕੋਚਿੰਗ ਸੈਂਟਰਾਂ ਅਤੇ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਦਫਤਰਾਂ ਅੱਗੇ ਅੰਤਾਂ ਦੀ ਭੀੜ ਹੋਣ ਲੱਗੀ ਹੈ। ਹੁਣ ਬਹੁਗਿਣਤੀ ਨੌਜਵਾਨਾਂ ਦੀ ਪਹਿਲੀ ਪਸੰਦ ਆਈਲਟਸ ਵਿੱਚ ਚੰਗੇ ਬੈਂਡ ਲੈ ਕੇ ਕੈਨੇਡਾ, ਨਿਉਜ਼ੀਲੈਂਡ ਜਾਂ ਅਸਟ੍ਰੇਲੀਆ ਵਿੱਚ ਪੜ੍ਹਾਈ ਕਰਨ ਦੀ ਹੈ। ਇਹ ਵੀ ਸਪਸ਼ਟ ਹੀ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਉੱਥੇ ਜਾਣ ਦਾ ਮਕਸਦ ਪੜ੍ਹਨਾ ਨਹੀਂ ਸਗੋਂ ਪੈਸਾ ਕਮਾਉਂਣਾ ਅਤੇ ਉਸ ਦੇਸ਼ ਵਿੱਚ ਪੱਕੇ ਤੌਰ 'ਤੇ ਵਸ ਜਾਣਾ ਹੈ। ਇਸ ਮਕਸਦ ਨੂੰ ਵਿਦੇਸ਼ੀ ਵਿਦਿਅਕ ਅਦਾਰੇ ਭਲੀ-ਭਾਂਤ ਜਾਣਦੇ ਹਨ। ਇਸ ਲਈ ਉੱਥੇ ਸੈਕੜੇ ਹੀ ਦੁਕਾਨਨੁਮਾ ਕੰਮ-ਚਲਾਊ ਤੇ ਸਬਸਟੈਡਰਡ ਵਿਦਿਅਕ ਅਦਾਰੇ ਖੁਲ੍ਹ ਗਏ ਹਨ ਜੋ ਇਨ੍ਹਾਂ ਨੌਜਵਾਨਾਂ ਨੂੰ ਕੇਵਲ ਦਾਖਲ ਕਰਨ ਦਾ ਢੋਂਗ ਕਰਕੇ ਇਨ੍ਹਾਂ ਪਾਸੋਂ ਵੱਡੀ ਰਕਮ ਵਸੂਲਦੇ ਹਨ। ਉਹ ਆਪਣੇ ਦੇਸ਼ ਨੂੰ ਚੰਗਾ ਵਿਦੇਸ਼ੀ ਧਨ ਕਮਾ ਕੇ ਦੇਣ ਦੇ ਨਾਲ ਨਾਲ ਸਸਤੀ ਮਨੁੱਖੀ ਕਿਰਤ-ਸ਼ਕਤੀ ਵੀ ਮੁਹੱਈਆ ਕਰਵਾਉਂਦੇ ਹਨ। ਪਿਛਲੇ ਕੁੱਝ ਸਾਲਾਂ ਵਿੱਚ ਹੀ ਲੱਖਾਂ ਪੰਜਾਬੀ ਨੌਜਵਾਨ ਵਿਦਿਆਰਥੀ ਵੀਜ਼ਿਆਂ ਨਾਲ ਵਿਦੇਸ਼ਾਂ ਵਿੱਚ ਪ੍ਰਵਾਸ ਕਰ ਗਏ ਹਨ। ਇਸ ਨਾਲ ਪੰਜਾਬ ਦਾ ਸਾਲਾਨਾ ਕਰੋੜਾਂ ਰੁਪਇਆ ਬਾਹਰ ਜਾਣ ਲੱਗਾ ਹੈ ਜਿਸ ਕਾਰਨ ਬਹੁਤ ਸਾਰੇ ਛੋਟੇ ਕਾਰੋਬਾਰ ਬੁਰੀ ਤਰ੍ਹਾਂ ਮੰਦੇ ਦਾ ਸ਼ਿਕਾਰ ਹੋ ਰਹੇ ਹਨ। ਇਸ ਵਰਤਾਰੇ ਨੇ ਪੰਜਾਬ ਦੇ ਅਰਥਚਾਰੇ ਦੀਆਂ ਚੂਲਾਂ ਹਿਲਾ ਦਿੱਤੀਆਂ ਹਨ।

ਪੰਜਾਬ ਦੀ ਇਸ ਹੋਣੀ ਦੇ ਕਾਰਨ ਕੋਈ ਲੁਕੇ-ਛੁਪੇ ਨਹੀਂ। ਪਹਿਲਾਂ ਤਾਂ 1947 ਵਿੱਚ ਪੰਜਾਬ ਦੀ ਆਬਾਦੀ ਤੇ ਜ਼ਮੀਨੀ ਵੰਡ ਨੇ ਇਸ ਦਾ ਲੱਕ ਤੋੜ ਦਿੱਤਾ, ਫਿਰ 1966 ਵਿੱਚ ਇਸ ਵਿੱਚੋਂ ਸਨਅਤੀ ਸੰਭਾਵਨਾ ਵਾਲਾ ਪਹਾੜੀ ਖੇਤਰ ਕੱਢ ਕੇ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਨਾਲੋਂ ਕੱਟ ਕੇ ਇਸ ਨੂੰ ਲੰਗੜਾ ਕਰ ਦਿੱਤਾ। ਇਸ ਨਾਲ ਚੱਪਾ ਰੋਟੀ ਜਿੱਡਾ ਪੰਜਾਬ ਕੇਵਲ ਖੇਤੀ 'ਤੇ ਹੀ ਨਿਰਭਰ ਹੋ ਕੇ ਰਹਿ ਗਿਆ। ਪੰਜਾਬ ਨੇ ਹਰੇ ਇਨਕਲਾਬ ਨਾਲ ਖੇਤੀ ਉਤਪਾਦਨ ਦੇ ਰੂਪ ਵਿੱਚ ਕੱਚਾ ਮਾਲ ਤਾਂ ਬਹੁਮਾਤਰਾ ਵਿੱਚ ਤਿਆਰ ਕਰ ਲਿਆ ਪਰ ਇਸ ਤੋਂ ਲੰਬੇ ਸਮੇਂ ਲਈ ਆਰਥਿਕ ਲਾਭ ਲੈਣ ਖਾਤਰ ਖੇਤੀ ਆਧਾਰਿਤ ਸਨਅਤਾਂ ਲਗਾਉਣ ਦਾ ਕੋਈ ਉਪਰਾਲਾ ਨਹੀਂ ਕੀਤਾ। ਸਗੋਂ ਪੰਜਾਬੀ ਕਿਸਾਨਾਂ ਨੇ ਖਾਦਾਂ, ਕੀੜੇਮਾਰ ਦਵਾਈਆਂ ਅਤੇ ਧਰਤੀ ਹੇਠਲੇ ਪਾਣੀ ਦੀ ਬੇਤਹਾਸ਼ਾ ਵਰਤੋਂ ਕਰ ਕੇ ਆਪਣੀ ਧਰਤੀ ਨੂੰ ਜ਼ਹਿਰੀਲੀ ਅਤੇ ਬੰਜਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਹੁਣ ਪੰਜਾਬ ਦਾ ਧਰਤੀ ਹੇਠਲਾ ਪਾਣੀ ਖਤਮ ਹੋਣ ਕਿਨਾਰੇ ਹੈ, ਇਸ ਦਾ ਪਾਣੀ ਅਤੇ ਹਵਾ ਗੰਧਲੀ ਹੋ ਗਈ ਹੈ ਜਿਸ ਨਾਲ ਇਹ ਖਤਰਨਾਕ ਬਿਮਾਰੀਆਂ ਦਾ ਗੜ੍ਹ ਬਣ ਰਿਹਾ ਹੈ ਤਾਂ ਸਾਨੂੰ ਇੱਥੇ ਰਹਿਣ ਵਿੱਚ ਡਰ ਮਹਿਸੂਸ ਹੋਣ ਲੱਗਾ ਹੈ। ਮਸ਼ੀਨੀ ਖੇਤੀ ਨੇ ਹੱਥੀਂ ਕੰਮ ਕਰਨ ਦੇ ਕਲਚਰ ਨੂੰ ਖਤਮ ਕਰਕੇ ਖੇਤੀ- ਲਾਗਤਾਂ ਵਿੱਚ ਬਹੁਤ ਵਾਧਾ ਕਰ ਦਿੱਤਾ ਹੈ ਜਿਸ ਨਾਲ ਕਿਸਾਨ ਕਰਜ਼ਈ ਹੋ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ ਅਤੇ ਨੌਜਵਾਨ ਵਿਹਲੇ ਹੋ ਕੇ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਵਿੱਚ ਗਲਤਾਨ ਹੋਣ ਲਗ ਪਏ ਹਨ। ਐਸ਼ੋਪ੍ਰਸਤੀ ਦੀਆਂ ਅਸੀਮ ਇੱਛਾਵਾਂ ਦੀ ਪੂਰਤੀ ਲਈ ਲੋੜੀਂਦੇ ਧਨ ਦੀ ਪ੍ਰਾਪਤੀ ਲਈ ਨੌਜਵਾਨਾਂ ਨੇ ਗੈਂਗਸਟਰ ਬਣਨ ਦਾ ਖਤਰਨਾਕ ਰਾਹ ਅਖਤਿਆਰ ਕਰ ਲਿਆ ਹੈ।

ਸਰਕਾਰਾਂ ਦੀਆਂ ਨੀਤੀਆਂ ਨੇ ਇੱਥੇ ਵਧੀਆ ਰੁਜ਼ਗਾਰ ਦੇ ਮੌਕੇ ਲਗਭਗ ਖਤਮ ਹੀ ਕਰ ਦਿੱਤੇ ਹਨ। ਲੱਖਾਂ ਰੁਪਏ ਖਰਚ ਕਰ ਕੇ ਇੰਜਨੀਅਰਿੰਗ ਤੇ ਹੋਰ ਡਿਗਰੀਆਂ ਲੈ ਕੇ ਨੌਜਵਾਨ ਚੰਗੀ ਉਜਰਤ ਵਾਲੇ ਰੁਜ਼ਗਾਰ ਦੀ ਆਸ ਰਖਦੇ ਹਨ। ਉਹ ਸਾਰੀਆਂ ਆਧੁਨਿਕ ਸਹੂਲਤਾਂ ਭੋਗਦਿਆਂ ਵਧੀਆ ਜੀਵਨ ਬਿਤਾਉਣ ਦਾ ਸੁਪਨਾ ਲੈਂਦੇ ਹਨ। ਪਰ ਸਰਕਾਰ ਨੇ ਇਨ੍ਹਾਂ ਨੌਜਵਾਨਾਂ ਨੂੰ ਬਹੁਕੌਮੀ ਪ੍ਰਾਈਵੇਟ ਕੰਪਨੀਆਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਹੈ। ਸਰਕਾਰੀ ਅਦਾਰਿਆਂ ਵਿੱਚ ਅੱਵਲ ਤਾਂ ਭਰਤੀ ਹੋ ਹੀ ਨਹੀਂ ਰਹੀ ਪਰ ਜੋ ਨੌਜਵਾਨ ਵੱਡੀਆਂ ਡਿਗਰੀਆਂ ਲੈ ਕੇ ਅਤੇ ਕਠਿਨ

ਮੁਕਾਬਲਾ ਪ੍ਰੀਖਿਆਵਾਂ ਵਿੱਚੋਂ ਲੰਘ ਕੇ ਨੌਕਰੀ ਪ੍ਰਾਪਤ ਕਰ ਵੀ ਲੈਂਦੇ ਹਨ ਤਾਂ ਉਨ੍ਹਾਂ ਨੂੰ ਦਸ-ਦਸ ਹਜ਼ਾਰ ਰੁਪਏ ਮਹੀਨਾ ਤਨਖਾਹ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਸਨਅਤੀ ਅਤੇ ਵਪਾਰਕ ਤਜਰਬਿਆਂ ਵਾਲੇ ਲੋਕ ਪਹਿਲਾਂ ਹੀ ਪੰਜਾਬ ਤੋਂ ਦੂਰ ਜਾ ਚੁੱਕੇ ਹਨ। ਸਰਕਾਰਾਂ ਦੀਆਂ ਪੈਸਾ-ਬਟੋਰੂ ਤੇ ਵੋਟ-ਬੈਂਕ ਦੀਆਂ ਨੀਤੀਆਂ ਕਾਰਨ ਉਹ ਪੰਜਾਬ ਵੱਲ ਮੂੰਹ ਹੀ ਨਹੀਂ ਕਰਦੇ। ਪੰਜਾਬ ਦੀ ਅਫਸਰਸ਼ਾਹੀ ਭ੍ਰਿਸ਼ਟ ਹੋ ਚੁੱਕੀ ਹੈ ਜਿਸ ਨੂੰ ਨੌਜਵਾਨਾਂ ਦੀਆਂ ਸਮੱਸਿਆਵਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਹੁਣ ਤਾਂ ਪ੍ਰਵਾਸੀਆਂ ਨੇ ਵੀ ਪੰਜਾਬ ਵਿੱਚ ਪੈਸਾ ਲਗਾਉਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਹ ਇਸ ਦੇ ਹਨੇਰੇ ਭਵਿੱਖ ਤੋਂ ਜਾਣੂ ਹੋ ਚੁੱਕੇ ਹਨ। ਇਸ ਲਈ ਪੰਜਾਬ ਅੰਦਰੋਂ ਅੰਦਰ ਖੋਖਲਾ ਹੋ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਪੰਜਾਬ ਦਾ ਨੌਜਵਾਨ ਕਿੱਥੇ ਜਾਵੇ? ਉਹ ਪ੍ਰਦੇਸ ਜਾਵੇ, ਇੱਥੇ ਰਹਿ ਕੇ ਤੰਗੀਆਂ-ਤੁਰਸੀਆਂ ਵਾਲਾ ਜੀਵਨ ਬਤੀਤ ਕਰੇ ਜਾਂ ਗੈਂਗਸਟਰ ਤੇ ਨਸ਼ਈ ਬਣ ਕੇ ਆਪਣੀ ਜਵਾਨੀ ਤੋਂ ਹੱਥ ਧੋਵੇ?

ਵਿਦੇਸ਼ਾਂ ਵਿੱਚ ਪੜ੍ਹਾਈ ਬਹੁਤ ਮਹਿੰਗੀ ਹੈ, ਜਿਸ ਦਾ ਖਰਚ ਚੁੱਕਣ ਲਈ ਮਾਂਬਾਪ ਨੂੰ ਆਪਣੀ ਜ਼ਮੀਨ ਵੇਚਣੀ ਪੈ ਰਹੀ ਹੈ। ਜਦੋਂ ਉਹ ਨੌਜਵਾਨ ਲੱਖ ਪਾਪੜ ਵੇਲਣ ਤੋਂ ਬਾਅਦ ਉਸ ਦੇਸ਼ ਦੇ ਪੱਕੇ ਵਸਨੀਕ ਬਣ ਜਾਂਦੇ ਹਨ ਤਾਂ ਉਹ ਆਪਣੇ ਬਜ਼ੁਰਗ ਮਾਂਬਾਪ ਨੂੰ ਆਪਣੇ ਪਾਸ ਲੈ ਜਾਂਦੇ ਹਨ। ਅਜਿਹੀ ਸੂਰਤ ਵਿੱਚ ਉਨ੍ਹਾਂ ਨੂੰ ਆਪਣੀ ਵਿਰਾਸਤੀ ਜਾਇਦਾਦ ਨਾਲ ਕੋਈ ਲਗਾਵ ਨਹੀਂ ਰਹਿੰਦਾ ਅਤੇ ਉਹ ਉਸ ਨੂੰ ਵੇਚ ਦਿੰਦੇ ਹਨ। ਇਸ ਕਾਰਨ ਪਿੰਡਾਂ ਵਿੱਚ ਖੇਤੀ ਵਾਲੀ ਜ਼ਮੀਨ ਦੀ ਕੀਮਤ ਘਟ ਰਹੀ ਹੈ ਅਤੇ ਕਿਸੇ ਦਿਨ ਇਸ ਦਾ ਕੋਈ ਗਾਹਕ ਨਹੀਂ ਰਹੇਗਾ। ਪੰਜਾਬ ਦੇ ਪਿੰਡਾਂ ਵਿੱਚ ਸੁੰਨਸਾਨ ਪਈਆਂ ਕੋਠੀਆਂ ਆਪਣੇ ਵਿਦੇਸ਼ੀਂ ਵਸੇ ਮਾਲਕਾਂ ਦਾ ਇਤਜ਼ਾਰ ਕਰਦੀਆਂ ਥੱਕ ਗਈਆਂ ਹਨ।ਇਸ ਸਮੱਸਿਆ ਦੇ ਹਲ ਲਈ ਜਿਹੋ ਜਿਹੀ ਲੰਬੀ ਵਿਉਂਤਬੰਦੀ ਅਤੇ ਦੂਰਅੰਦੇਸ਼ੀ ਦੀ ਲੋੜ ਹੈ ਉਹ ਪੰਜਾਬ ਦੀਆਂ ਸਰਕਾਰਾਂ ਨੇ ਕਦੇ ਵੀ ਨਹੀਂ ਅਪਣਾਈ। ਕੇਵਲ ਡੰਗ-ਟਪਾਊ ਨੀਤੀਆਂ ਹੀ ਬਣਾਈਆਂ ਜਾਂਦੀਆਂ ਹਨ ਜੋ ਕਾਰਗਰ ਨਹੀਂ ਹੋ ਸਕਦੀਆਂ। ਪਿਛਲੇ ਚਾਲੀ ਸਾਲਾਂ ਤੋਂ ਪੰਜਾਬ ਖੜੋਤ ਵਿੱਚ ਹੀ ਨਹੀਂ ਬਲਕਿ ਪਿਛਲੇ ਪੈਰੀਂ ਰਸਾਤਲ ਵੱਲ ਜਾ ਰਿਹਾ ਹੈ। ਪੰਜਾਬੀ ਆਪਣੇ ਸੱਭਿਆਚਾਰਕ ਮੁੱਲ-ਵਿਧਾਨ ਤੋਂ ਵੀ ਟੁੱਟ ਰਹੇ ਹਨ। ਨੌਜਵਾਨਾਂ ਦੇ ਹੀਰੋਇਜ਼ਮ ਅਤੇ ਛਲਾਵੇ ਵਾਲੇ ਵਰਤਾਰੇ ਨੇ ਸਥਿਤੀ ਹੋਰ ਵੀ ਗੰਭੀਰ ਕਰ ਦਿੱਤੀ ਹੈ। ਇਸ ਕਾਰਨ ਇੱਥੇ ਹਰ ਪਾਸੇ ਚਕਾਚੌਂਧ ਦੀ ਭਗਦੜ ਨਜ਼ਰ ਆਉਂਦੀ ਹੈ। ਇੱਥੇ ਕੁੱਝ ਹੱਥਪੱਲੇ ਨਾ ਪੈਣ ਕਰ ਕੇ ਇੱਕੋ ਰਾਹ ਇੱਥੋਂ ਭੱਜ ਜਾਣ ਦਾ ਰਹਿ ਗਿਆ ਹੈ। ਮਾਣਮੱਤੇ ਪੰਜਾਬੀ ਬਣਨ ਦੀ ਥਾਂ ਅਸੀਂ ਦੂਜੇ ਦੇਸ਼ਾਂ ਵਿੱਚ ਪਨਾਹਗੀਰ ਬਣਨ ਦਾ ਰਾਹ ਅਖਤਿਆਰ ਕਰ ਲਿਆ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਪੰਜਾਬ ਦੀ ਸਾਰੀ ਵਸੋਂ ਵਿਦੇਸ਼ਾਂ ਵਿੱਚ ਜਾ ਸਕਦੀ ਹੈ? ਕੀ ਪੰਜਾਬ ਦੀ ਹੋਣੀ ਦਾ ਪ੍ਰਵਾਸ ਹੀ ਇੱਕ ਹਲ ਹੈ ? ਮੇਰੇ ਖਿਆਲ ਅਨੁਸਾਰ ਪ੍ਰਵਾਸ ਇੱਕ ਹੱਦ ਤੱਕ ਬੰਦਿਆਂ ਦੀਆਂ ਸਮੱਸਿਆਵਾਂ ਦਾ ਹਲ ਤਾਂ ਹੋ ਸਕਦਾ ਹੈ ਪਰ ਇਹ ਪੂਰੀ ਪੰਜਾਬੀ ਕੌਮ ਦਾ ਰਾਸਤਾ ਨਹੀਂ ਹੋ ਸਕਦਾ। ਹੁਣ ਕਈ ਮੁਲਕਾਂ ਵਿੱਚ ਤਾਂ ਪੰਜਾਬੀਆਂ ਦੇ ਭਾਰੀ ਗਿਣਤੀ ਵਿੱਚ ਜਾਣ ਕਾਰਨ ਬੇਰੁਜ਼ਗਾਰੀ ਵੀ ਹੋ ਗਈ ਹੈ ਜਿਸ ਨਾਲ ਉੱਥੇ ਨਸਲਪ੍ਰਸਤੀ ਹਿੰਸਾ ਵੀ ਹੋਣ ਲੱਗੀ ਹੈ। ਇਹ ਵਰਤਾਰਾ ਦਿਨੋਂਦਿਨ ਵਧਦਾ ਜਾ ਰਿਹਾ ਹੈ। ਇਸ ਲਈ ਪ੍ਰਵਾਸ ਪੰਜਾਬੀਆਂ ਦੀਆਂ ਸਮੱਸਿਆਵਾਂ ਦਾ ਸਥਾਈ ਤੇ ਸਦੀਵੀ ਹਲ ਨਹੀਂ ਹੋ ਸਕਦਾ। ਇਸ ਦਾ ਹਲ ਤਾਂ ਸਾਡੇ ਸਿਆਸਤਦਾਨਾਂ ਅਤੇ ਸਰਕਾਰਾਂ ਨੇ ਹੀ ਕਰਨਾ ਹੈ। ਪੰਜਾਬ ਦੇ ਲੋਕ ਬੇਰੁਜ਼ਗਾਰੀ, ਬੌਧਿਕ ਕੰਗਾਲੀ, ਨਸ਼ਾਖੋਰੀ, ਖੁਦਕੁਸ਼ੀ, ਹਿੰਸਾ ਅਤੇ ਜ਼ੁਰਮਪ੍ਰਸਤੀ ਤੋਂ ਤਾਂ ਬਚ ਸਕਦੇ ਹਨ ਜੇ ਉਨ੍ਹਾਂ ਨੂੰ ਉਤਪਾਦਕੀ ਤੇ ਉਸਾਰੂ ਕੰਮਾਂ ਵਿੱਚ ਲਾਇਆ ਜਾਵੇ। ਨੌਜਵਾਨਾਂ ਨੂੰ ਪੰਜਾਬ ਵਿੱਚ ਹੀ ਮਾਣਭਰਪੂਰ ਜ਼ਿੰਦਗੀ ਜਿਉਣ ਲਈ ਯੋਗਤਾ ਅਨੁਸਾਰ ਨੌਕਰੀਆਂ ਅਤੇ ਉਜਰਤਾਂ ਦਿੱਤੀਆਂ ਜਾਣ ਅਤੇ ਖੇਤੀਬਾੜੀ ਨੂੰ ਸਨਅਤਾਂ ਨਾਲ ਜੋੜ ਕੇ ਲਾਭਕਾਰੀ ਬਣਾਇਆ ਜਾਵੇ। ਜੇ ਪੰਜਾਬ ਦੇ ਸਿਆਸਤਦਾਨਾਂ, ਬੁੱਧੀਮਾਨਾਂ ਅਤੇ ਸੰਵੇਦਨਸ਼ੀਲ ਲੋਕਾਂ ਨੇ ਨੌਜਵਾਨਾਂ ਦੇ ਦੁੱਖ-ਦਰਦ ਵੱਲ ਇਵੇਂ ਹੀ ਪਿੱਠ ਕਰੀ ਰੱਖੀ ਤਾਂ ਵਿਦਿਅਕ ਸੰਸਥਾਵਾਂ ਵਿੱਚ ਦਾਖਲੇ ਦੀ ਕਿੱਲਤ ਵਰਗੀਆਂ ਨਾਲੋਂ ਵੀ ਗੰਭੀਰ ਹੋਰ ਕਈ ਸਮੱਸਿਆਵਾਂ ਸਿਰ ਚੁੱਕ ਲੈਣਗੀਆਂ। ਇਸ ਲਈ ਲੋੜ ਹੈ ਕਿ ਅਸੀਂ ਸਿਰਜੋੜ ਕੇ ਦੂਰਅੰਦੇਸ਼ੀ ਨਾਲ ਅਪਣੇ ਪੰਜਾਬ ਬਾਰੇ ਸੋਚੀਏ ਅਤੇ ਉਨ੍ਹਾਂ ਲੋਕ ਨੁਮਾਇੰਦਿਆਂ ਨੂੰ ਰਾਜ-ਭਾਗ ਸੌਂਪੀਏ ਜੋ ਪੰਜਾਬ ਦੇ ਸੱਚੇ ਹਿਤੈਸ਼ੀ ਹੋਣ। ਜੇ ਅਸੀਂ ਇਹ ਵੇਲਾ ਖੁੰਝਾ ਦਿੱਤਾ ਤਾਂ ਪੰਜਾਬ ਅਤੇ ਪੰਜਾਬੀਅਤ ਦੀ ਬੇੜੀ ਅਜਿਹੇ ਮੰਝਦਾਰ ਵਿੱਚ ਫਸ ਜਾਵੇਗੀ ਜਿੱਥੋਂ ਇਸ ਨੂੰ ਕੱਢਣਾ ਮੁਸ਼ਕਲ ਹੋ ਜਾਵੇਗਾ ਹੈ। ਇਸ ਸਬੰਧੀ ਗੁਰਬਾਣੀ ਦਾ ਉਪਦੇਸ਼ ਹੈ-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।।

❋ ❋ ❋ ❋ ❋

ਉਸ ਮੁਲਕ ਦੇ ਵਿਨਾਸ਼ ਨੂੰ ਕੋਈ ਨਹੀਂ ਰੋਕ ਸਕਦਾ ਜਿਸ ਮੁਲਕ ਦੀ ਸਰਕਾਰ ਵਿੱਚ ਬੈਠੇ ਲੋਕ ਆਪਣੀ ਜਨਤਾ ਨੂੰ ਸਿਰਫ ਵੋਟਾਂ ਖਾਤਰ ਡਰਾਉਣਾ ਸ਼ੁਰੂ ਕਰ ਦੇਣ।

-ਐਲਬਰਟ ਆਈਂਸਟਾਈਨ

ਸੈਣੀ ਸੰਸਾਰ ਮੈਗ਼ਜ਼ੀਨ ਦੇ ਪਾਠਕਾਂ ਨੂੰ ਦੀਵਾਲੀ ਦੀਆਂ ਬਹੁਤ ਬਹੁਤ ਵਧਾਈਆਂ।





ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ

ਚਰਨਜੀਤ ਸਿੰਘ ਕਤਰਾ
ਸਹੌੜਾਂ

ਛੋਟੀਆਂ ਛੋਟੀਆਂ ਜਿੰਦਾਂ ਦੇ ਨੇ
ਵੱਡੇ ਵੱਡੇ ਸਾਕੇ,
ਲਿਖਣ ਲਈ ਹਰ ਸ਼ਬਦ ਮੈਨੂੰ
ਬੌਣਾ ਬੌਣਾ ਜਾਪੇ।
ਦਰਦ ਭਰੀ ਉਸ ਸ਼ਹਾਦਤ ਨੂੰ ਕਿਵੇਂ ਮੈਂ ਸੁਣਾਵਾਂ,
ਸੂਰਬੀਰਾਂ ਦੇ ਦਿਲਾਂ ਦੇ ਖਾਕੇ ਕਿਵੇਂ ਤੁਹਾਨੂੰ ਮੈਂ ਦਿਖਾਵਾਂ।
ਤੂਫਾਨਾਂ ਅੱਗੇ ਕਿਵੇਂ ਕਿਵੇਂ ਸਨ ਤਣ ਤਣ ਕੇ ਉਹ ਖੜ੍ਹਦੇ,
ਵੈਰੀ ਵੀ ਹੈਰਾਨ ਸੀ ਹੁੰਦੇ ਜੈਕਾਰੇ ਜਦ ਉਹ ਛਡਦੇ।
ਬਬਰ ਸ਼ੇਰ ਮੈਦਾਨ-ਏ-ਜੰਗ'ਚ ਤੇਗਾਂ ਜਦੋਂ ਚਲਾਉਂਦੇ,
ਵੈਰੀਆਂ ਵਿੱਚ ਸੀ ਭਾਂਜੜ ਪੈਂਦੀ ਅੱਲ੍ਹਾ ਅੱਲ੍ਹਾ ਕੁਰਲਾਉਂਦੇ।
ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਮੈਦਾਨੇ-ਜੰਗ 'ਚ ਛਾਏ,
ਵੈਰੀਆਂ ਨੂੰ ਪੂਰੇ ਹੱਥ ਦਿਖਾ ਕੇ ਸ਼ਹੀਦੀ ਜਾਮੇ ਪਾਏ।
'ਸਵਾ ਲਾਖ ਸੇ ਏਕ ਲੜਾਊਂ' ਗੁਰੂ ਨੇ ਕਰ ਵਿਖਾਇਆ,
ਢਹਿੰਦੀਆਂ ਡਿਗਦੀਆਂ ਕੌਮਾਂ ਨੂੰ
ਅਣਖ ਦਾ ਸਬਕ ਸਿਖਾਇਆ।
ਹੁਕਮ ਮੰਨ ਕੇ ਪੰਜ ਸਿੰਘਾਂ ਦਾ ਗੁਰੂ ਨੇ ਗੜ੍ਹੀ ਛੱਡੀ,
ਰਹਿੰਦੇ ਕਾਰਜ ਪੂਰੇ ਕਰਨ ਦੀ ਜ਼ਿੰਮੇਵਾਰੀ ਸੀ ਵੱਡੀ।
ਦੂਜੇ ਪਾਸੇ ਮਾਂ ਗੁਜ਼ਰੀ ਨੂੰ ਪਰਿਵਾਰ ਵਿਛੋੜੇ ਸਤਾਇਆ,
ਨਿੱਕੇ ਨਿੱਕੇ ਪੋਤਿਆਂ ਨੂੰ ਸੀ ਗੱਲੀਂ ਬਾਤੀਂ ਲਾਇਆ।
ਆਉਂਦੇ ਆਉਂਦੇ ਰਸਤੇ ਦੇ ਵਿੱਚ
ਗੰਗੂ ਰਸੋਈਆ ਸੀ ਮਿਲਿਆ,
ਮਾੜੀ ਸੋਚ ਤੇ ਲਾਲਚ ਕਾਰਨ ਮਨ ਉਸ ਦਾ ਸੀ ਹਿਲਿਆ।
ਮੁਖਬਰੀ ਕਰ ਨਿੱਕੀਆਂ ਜਿੰਦਾਂ ਨੂੰ ਮੁਗਲਾਂ ਕੋਲ ਫੜਾਇਆ,
ਰਹਿੰਦੀ ਦੁਨੀਆਂ ਤੱਕ ਆਪਣੇ ਨਾਂ
ਨੂੰ ਧੱਬਾ ਉਸ ਲਵਾਇਆ।
ਠੰਢੇ ਬੁਰਜ 'ਚ ਬੈਠੀ ਮਾਂ ਗੁਜਰੀ ਪੋਤਿਆਂ ਨੂੰ ਇਹ ਸਮਝਾਵੇ,
ਬੇਡਰ ਰਹਿਣਾ ਬਾਬੇ ਵਾਗੂੰ ਪੂਰਾ ਜ਼ੋਰ ਭਾਵੇਂ ਸੂਬਾ ਲਾਵੇ।
ਕਚਹਿਰੀ ਵਿੱਚ ਜਾ ਕੇ ਸਾਹਿਬਜ਼ਾਦਿਆਂ ਜਦੋਂ ਜੈਕਾਰੇ ਛੱਡੇ,
ਹੈਰਾਨੀ ਨਾਲ ਸਭ ਸੁੰਨ ਹੋ ਗਏ ਕਿਆ ਛੋਟੇ ਕਿਆ ਵੱਡੇ।
ਸਿੱਖੀ ਦਾ ਸਿਧਾਂਤ ਹੈ ਸਾਡਾ ਨਾ ਡਰੀਏ ਨਾ ਕਿਸੇ ਡਰਾਈਏ,
ਫੇਰ ਵੀ ਕੋਈ ਨਾ ਸਮਝੇ ਤਾਂ ਵਾਹਣੇ ਉਸ ਨੂੰ ਅਸੀਂ ਪਾਈਏ।
ਵੱਡੇ ਵਡੇਰੇ ਜੋ ਰਾਹ ਦਿਖਾ ਗਏ ਅਸੀਂ ਵੀ ਉਸ ਤੇ ਹੈ ਜਾਣਾ,
ਪੜ੍ਹ ਲਈਂ ਤੂੰ ਇਤਿਹਾਸ ਸੂਬਿਆ ਸਾਡਾ ਬਹੁਤ ਪੁਰਾਣਾ।
ਸੁਣ ਕੇ ਵਜ਼ੀਰ ਖਾਂ ਇਕ ਦਮ ਗੁੱਸੇ ਵਿੱਚ ਬੁਖਲਾਇਆ,
ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਵਜ਼ੀਰ ਨੂੰ ਕਿਸੇ ਸੁਣਾਇਆ।
ਐਸੀ ਸਜ਼ਾ ਦਊਂਗਾ ਬੱਚਿਓ ਧਰਤੀ ਅੰਬਰ ਕੰਬੇਗਾ,
ਮੌਤ ਵੀ ਛੇਤੀਂ ਨਹੀਂ ਦਊਂਗਾ ਜੇ ਕੋਈ ਇਹ ਮੰਗੇਗਾ।
ਲਾਲਚ ਦਿੱਤੇ ਡਰਾਵੇ ਦਿੱਤੇ ਪਰ ਸ਼ੇਰਾਂ ਨੇ ਈਨ ਨਾ ਮੰਨੀ,
ਤੇ ਅਨੋਖੀ ਸਜ਼ਾ ਸੁਣਾ ਸੂਬੇ ਨੇ ਆਪਣੀ ਕਿਸਮਤ ਭੰਨੀ।
ਜ਼ੋਰਾਵਰ ਤੇ ਫਤਿਹ ਸਿੰਘ ਨੂੰ ਕੰਧਾਂ ਵਿੱਚ ਚਿਣਵਾਇਆ,
ਦਾਦੀ ਮਾਂ ਗੁਜਰੀ ਨੇ ਵੀ ਬੱਚਿਓ
ਧੁਰ ਦਾ ਰਾਹ ਅਪਣਾਇਆ।
ਦੁਨੀਆਂ ਵਿੱਚ ਮਿਸਾਲ ਨਹੀਂ ਭਾਵੇਂ ਘੋਖ ਲਏ ਕੋਈ ਬੀਤੀ,
ਮਾਂ ਵਾਰੀ ਪਿਤਾ ਪੁੱਤ ਵੀ ਵਾਰੇ ਤੇ
ਅਰਦਾਸ ਸ਼ੁਕਰ ਦੀ ਕੀਤੀ।
ਸਭ ਕੁਝ ਵਾਰ ਦਸਮੇਸ਼ ਪਿਤਾ ਨੇ ਸਿੱਖੀ ਦੀ ਜੋਤ ਜਗਾਈ,
ਇਸ ਨੂੰ ਬੱਚਿਓ ਬੁਝਣ ਨੀ ਦੇਣਾ ਭਾਵੇਂ ਤੂਫਾਨ ਦੇਵੇ ਦੁਹਾਈ।

❋ ❋ ❋ ❋ ❋

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਦਾ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਤਿਕਾਰਯੋਗ ਮਾਤਾ, ਚਾਰ ਸਾਹਿਬਜ਼ਾਦਿਆਂ ਅਤੇ ਚਮਕੌਰ ਜੰਗ ਦੇ ਸ਼ਹੀਦਾਂ ਨੂੰ ਕੋਟਿ ਕੋਟਿ ਪ੍ਰਣਾਮ।





ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ

ਖ਼ੂਨਦਾਨ ਕੈਂਪ ਦਾ ਆਯੋਜਨ:–

ਇਸ ਸੰਸਥਾ ਵੱਲੋਂ ਪਹਿਲੀ ਜੁਲਾਈ, 2018 ਨੂੰ ਸੈਣੀ ਭਵਨ ਵਿਖੇ ਮਾਨਵਤਾ ਦੀ ਭਲਾਈ ਦੇ ਪ੍ਰੋਗਰਾਮ ਤਹਿਤ 10ਵੇਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੌਰਾਨ 72 ਵਿਅਕਤੀਆਂ ਨੇ ਖ਼ੂਨਦਾਨ ਕੀਤਾ। ਕੈਂਪ ਦਾ ਉਦਘਾਟਨ ਉੱਘੇ ਸਮਾਜਸੇਵੀ **ਸ. ਅਮਰਜੀਤ ਸਿੰਘ ਸੈਣੀ, ਐਕਸ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਰੂਪਨਗਰ** ਨੇ ਕੀਤਾ ਅਤੇ ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਨੇ ਡਾਕਟਰ ਰੌਲੀ ਅਗਰਵਾਲ ਦੀ ਅਗਵਾਈ ਵਿੱਚ ਖ਼ੂਨ ਇਕੱਤਰਤ ਕੀਤਾ। ਇਸ ਕੈਂਪ ਨੂੰ ਸਫਲ ਬਣਾਉਣ ਲਈ ਆਯੁਰਵੈਦਿਕ ਉਤਪਾਦ ਬਣਾਉਣ ਵਾਲੀ ਕੰਪਨੀ ਰਜ਼ਨੀ ਹਰਬਲ ਮਲਕਪੁਰ ਵੱਲੋਂ ਖ਼ੂਨਦਾਨੀਆਂ ਲਈ ਟੂਥ ਪੇਸਟ ਦੀਆਂ ਟਿਉਬਾਂ, ਰੋਟਰੀ ਕਲੱਬ ਰੂਪਨਗਰ ਵੱਲੋਂ ਮਾਲੀ ਮਦਦ, ਜ਼ਿਲ੍ਹਾ ਸਾਂਝ ਕੇਂਦਰ ਵੱਲੋਂ ਦੁੱਧ ਅਤੇ ਲਾਇਫ ਲਾਇਨ ਬਲੱਡ ਡੋਨਰ ਸੁਸਾਇਟੀ ਰੂਪਨਗਰ ਵੱਲੋਂ ਪ੍ਰਬੰਧਾਂ ਦੇ ਰੂਪ ਵਿੱਚ ਭਰਪੂਰ ਸਹਿਯੋਗ ਦਿੱਤਾ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸ.ਅਮਰਜੀਤ ਸਿੰਘ ਸੈਣੀ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਸੈਣੀ ਭਵਨ ਰੂਪਨਗਰ ਦੀ ਸੰਸਥਾ ਸਮਾਜਸੇਵਾ ਦੇ ਖੇਤਰ ਵਿੱਚ ਅਗਾਂਹਵਧੂ ਸੰਸਥਾਵਾਂ ਵਿੱਚੋ ਇੱਕ ਹੈ। ਇਸ ਦਾ ਸਿਹਰਾ ਇਸ ਦੇ ਮੋਢੀਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਨੇਕ ਕਾਰਜਾਂ ਲਈ ਇਸ ਸੰਸਥਾ ਦਾ ਗਠਨ ਕੀਤਾ ਸੀ।ਕੈਂਪ ਵਿੱਚ ਵਿਸ਼ੇਸ਼ ਮਹਿਮਾਨ ਵੱਜੋਂ ਸ਼ਹਿਰ ਦੇ ਉੱਘੇ ਸਮਾਜਸੇਵੀ **ਡਾ. ਆਰ. ਐਸ ਪਰਮਾਰ** ਨੇ ਸ਼ਿਰਕਤ ਕਰਕੇ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ। ਸੰਸਥਾ ਦੇ ਪ੍ਰਧਾਨ ਡਾਕਟਰ ਅਜਮੇਰ ਸਿੰਘ ਤੰਬੜ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਕੈਂਪ ਵਿੱਚ ਆਏ ਡੋਨਰਜ਼ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਸ਼੍ਰੀ ਜੇ. ਕੇ. ਭਾਟੀਆ ਅਤੇ ਸਕੱਤਰ ਪਰਮਿੰਦਰ ਸਿੰਘ, ਕਲੱਬ ਮੈਂਬਰਜ਼ ਇੰਜ. ਹਰਜੀਤ ਸਿੰਘ ਸੈਣੀ, ਡਾ. ਭੀਮ ਸੈਨ, ਸ਼੍ਰੀਮਤੀ ਉਸ਼ਾ ਭਾਟੀਆ, ਜੇ. ਕੇ. ਸ਼ਰਮਾ, ਇੰਜ. ਸਵਰਨਜੀਤ ਸਿੰਘ ਤੋਂ ਇਲਾਵਾ ਸ. ਦੇਵਿੰਦਰ ਸਿੰਘ ਜਟਾਣਾ, ਐਮ.ਸੀ ਗੁਰਮੁੱਖ ਸਿੰਘ ਸੈਣੀ, ਕੁਲਵੰਤ ਸਿੰਘ, ਬਲਡ ਡੋਨਰ ਕਮਲਜੀਤ ਸਿੰਘ ਬਾਬਾ, ਦਲਜੀਤ ਸਿੰਘ, ਚਰਨਦੀਪ ਸਿੰਘ ਚੈਰੀ, ਚੌਧਰੀ ਦਲੀਪ ਸਿੰਘ, ਸੁਖਵਿੰਦਰ ਸਿੰਘ ਮੋਹਾਲੀ, ਕੁਲਦੀਪ ਸਿੰਘ ਗੌਲੀਆ, ਐਸ.ਆਈ ਬਲਜਿੰਦਰ ਕੌਰ, ਪੁਲਿਸ ਸਾਂਝ ਕੇਂਦਰ ਇੰਚਾਰਜ ਸ.ਤਰਲੋਚਨ ਸਿੰਘ, ਨਸੀਬ ਸਿੰਘ, ਦਰਸ਼ਨ ਸਿੰਘ ਕੋਚ, ਸੈਣੀ ਭਵਨ ਦੇ ਟਰੱਸਟੀ ਤੇ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ ਹਾਜ਼ਰ ਸਨ।

ਮੈਗਜ਼ੀਨ ਦਾ ਲੋਕਅਰਪਣ:–

ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਸੈਣੀ ਭਵਨ ਰੂਪਨਗਰ ਵਲੋਂ ਪ੍ਰਕਾਸ਼ਿਤ ਮੈਗਜ਼ੀਨ ''ਸੈਣੀ ਸੰਸਾਰ'' ਦਾ 30ਵਾਂ ਅੰਕ ਪਹਿਲੀ ਜੁਲਾਈ 2018 ਨੂੰ ਲੋਕਅਰਪਣ ਕੀਤਾ ਗਿਆ। ਇਸ ਨੂੰ ਲੋਕਅਰਪਣ ਕਰਨ ਦੀ ਰਸਮ ਉੱਘੇ ਸਮਾਜਸੇਵੀ ਸ.**ਅਮਰਜੀਤ ਸਿੰਘ ਸੈਣੀ** ਨੇ ਅਦਾ ਕੀਤੀ। ਇਸ ਮੌਕੇ ਤੇ ਬੋਲਦਿਆ ਅਮਰਜੀਤ ਸਿੰਘ ਸੈਣੀ ਨੇ ਕਿਹਾ ਕਿ ਮੈਗਜ਼ੀਨ ''ਸੈਣੀ ਸੰਸਾਰ'' ਸਮਾਜਿਕ ਚੇਤਨਾ ਦਾ ਪ੍ਰਤੀਕ ਹੈ ਜਿਸ ਰਾਹੀ ਲੋਕਾ ਨੂੰ ਉਸਾਰੂ ਸਹਿਤ ਪੜਨ ਨੂੰ ਮਿਲ ਰਿਹਾ ਹੈ। ਉਨ੍ਹਾਂ ਪ੍ਰਬੰਧਕਾਂ ਨੂੰ ਇਸ ਨੇਕ ਉਪਰਾਲੇ ਦੀ ਵਧਾਈ ਦਿੱਤੀ। ਇਸ ਮੌਕੇ ਤੇ ਬੋਲਦਿਆ ਦੇਵਿੰਦਰ ਸਿੰਘ ਜਟਾਣਾ ਨੇ ਕਿਹਾ ਕਿ ਸੈਣੀ ਭਵਨ ਵੱਲੋਂ ਮੈਗਜ਼ੀਨ ਜਾਰੀ ਕਰਨ ਦਾ ਜੋ ਉਪਰਾਲਾ ਕੀਤਾ ਗਿਆ ਹੈ ਇਹ ਸਮਾਜਿਕ ਭਾਈਚਾਰਕ ਸਾਂਝ ਨੂੰ ਬੜਾਵਾ ਦੇਣ ਲਈ ਸਹਾਈ ਸਿੱਧ ਹੋ ਰਿਹਾ ਹੈ। ਇਸ ਮੌਕੇ ਮੈਗਜ਼ੀਨ ਦੇ ਚੀਫ ਐਡੀਟਰ ਅਤੇ ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ ਤੰਬੜ ਨੇ ਲੋਕਾਂ ਨੂੰ ਚੰਗਾ ਸਾਹਿਤ ਪੜ੍ਹਨ ਦੀ ਆਦਤ ਪਾਉਣ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਮੈਗਜ਼ੀਨ ਸੈਣੀ ਸੰਸਾਰ ਨਾਲ ਜੁੜਣ ਲਈ ਪ੍ਰੇਰਣਾ ਕੀਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਅਤੇ ਸੰਸਥਾ ਦੇ ਅਹੁਦੇਦਾਰ ਹਾਜ਼ਰ ਸਨ। ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਸੈਣੀ ਭਵਨ 'ਚ ਤੀਆਂ ਦਾ ਤਿਓਹਾਰ:–

ਸੈਣੀ ਭਵਨ ਰੂਪਨਗਰ ਵਿਖੇ 21 ਜੁਲਾਈ, 2018 ਨੂੰ ਸੰਸਥਾ ਦੀਆਂ ਸਿੱਖਿਆਰਥਣਾਂ ਵੱਲੋਂ 'ਤੀਆਂ ਤੀਜ ਦੀਆਂ' ਦਾ ਤਿਓਹਾਰ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਿੱਖਿਆਰਥਣਾਂ ਨੇ ਰੰਗ ਬਿਰੰਗੀਆਂ ਪੁਸ਼ਾਕਾਂ ਪਹਿਨ ਕੇ ਗੀਤਾਂ ਨਾਲ ਨੱਚ ਟੱਪ ਅਤੇ ਗਿੱਧਾ ਪਾਕੇ ਤੀਆਂ ਦੇ ਤਿਓਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆ। ਇਸ ਮੌਕੇ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਰੂਪਨਗਰ ਦੀ **ਪ੍ਰਿੰਸੀਪਲ ਸ਼੍ਰੀਮਤੀ ਅੰਜੂ ਚੌਧਰੀ** ਅਤੇ ਵਿਸ਼ੇਸ਼ ਮਹਿਮਾਨ ਵੱਜੋਂ ਇੰਨਰਵੀਲ੍ਹ ਕਲੱਬ ਰੂਪਨਗਰ ਦੀ ਪ੍ਰਧਾਨ ਸ਼੍ਰੀਮਤੀ ਆਦਰਸ਼ ਸ਼ਰਮਾ ਨੇ ਸ਼ਿਰਕਤ ਕੀਤੀ। ਉਨਾਂ ਨਾਲ ਸਟੇਟ ਅਵਾਰਡੀ ਅਧਿਆਪਕਾ ਜਵਤਿੰਦਰ ਕੌਰ, ਅਧਿਆਪਕਾਂ ਹਰਪ੍ਰੀਤ ਕੌਰ, ਇੰਨਰਵੀਲ੍ਹ ਕਲੱਬ ਦੀ ਸਕੱਤਰ ਹਰਿੰਦਰ ਕੌਰ, ਮੈਂਬਰਜ਼ ਤ੍ਰਿਪਤਾ ਚਾਨਣਾ, ਦੇਵ ਭਾਟੀਆ, ਪਰਮੇਸ਼ ਜੈਨ, ਚੰਦਰ ਕਾਂਤਾ(ਰਿਟਾ. ਸੀਨੀ.ਲੈਕਚਰਾਰ), ਨੀਲਮ ਵਿੱਜ, ਰਾਵੇਸ਼ ਮਲਹੋਤਰਾ, ਕੁਲਵਿੰਦਰ ਕੌਰ ਅਤੇ ਹਰਿੰਦਰ ਕੌਰ

ਸੈਣੀ, ਇੰਦਰਜੀਤ ਕੌਰ ਵਾਲੀਆ, ਜਤਿੰਦਰ ਕੌਰ ਮਾਹਲ, ਸ਼੍ਰੀਮਤੀ ਰੇਮਨ ਸ਼ਰਮਾ (ਰਿਟਾ.ਲੈਕਚਰਾਰ), ਡਾ. ਜਸਵੰਤ ਕੌਰ ਸੈਣੀ, ਸੰਤੋਸ਼ ਸੈਣੀ, ਸੁਮਿਤਾ ਸੈਣੀ, ਹਰਪਾਲ ਕੌਰ ਲੋਂਗੀਆ ਆਦਿ ਹਾਜ਼ਰ ਸਨ।

ਇਸ ਮੌਕੇ ਤੀਆਂ ਦੇ ਤਿਓਹਾਰ ਦੀ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਅੰਜੂ ਚੌਧਰੀ ਨੇ ਸਿੱਖਿਆਰਥਣਾਂ ਨੂੰ ਪ੍ਰੇਰਣਾ ਕੀਤੀ ਕਿ ਉਹ ਜ਼ਿੰਦਗੀ ਵਿੱਚ ਅੱਗੇ ਵੱਧਣ ਲਈ ਆਪਣੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਬਣਾਉਣ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਸਮਾਜ ਸੇਵਾ ਦੇ ਕਾਰਜ ਕਰਨ ਲਈ ਵਧਾਈ ਦਿੱਤੀ। ਇਸ ਮੌਕੇ ਇੰਨਰਵੀਲ੍ਹ ਕਲੱਬ ਦੀ ਪ੍ਰਧਾਨ ਆਦਰਸ਼ ਸ਼ਰਮਾ ਨੇ ਵੀ ਸੈਣੀ ਭਵਨ ਦੇ ਸਮਾਜ-ਭਲਾਈ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ। ਡਾ. ਜਸਵੰਤ ਕੌਰ ਸੈਣੀ ਨੇ ਤੀਆਂ ਦੇ ਤਿਓਹਾਰ ਦੇ ਪਿਛੋਕੜ ਤੋਂ ਜਾਣੂ ਕਰਵਾਇਆ।

ਮਹਿਮਾਨਾਂ ਦਾ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਦੀਆਂ ਸਿੱਖਿਆਰਥਣਾਂ ਦੇ ਪ੍ਰੋਗਰਾਮ ਦੀ ਆਏ ਮਹਿਮਾਨਾਂ ਅਤੇ ਪ੍ਰਬੰਧਕਾਂ ਨੇ ਖੂਬ ਪ੍ਰਸ਼ੰਸਾ ਕੀਤੀ। ਇਸ ਸਮਾਗਮ ਵਿੱਚ ਸੈਣੀ ਭਵਨ ਦੇ ਪ੍ਰਬੰਧਕ ਸ਼ਾਮਿਲ ਹੋਏ।

ਮਹਾਂਦਾਨੀ ਲੈਫ਼ ਕਰਨਲ ਜੀ. ਆਰ. ਸੈਣੀ ਦਾ 101ਵਾਂ ਜਨਮ ਦਿਨ ਮਨਾਇਆ:-

ਸਮਾਜ ਦੇ ਕਮਜ਼ੋਰ ਵਰਗ ਦੇ ਬੱਚਿਆਂ ਨੂੰ ਵਿਦਿਆ ਹਾਸਲ ਕਰਨ ਲਈ ਉਤਸਾਹਿਤ ਕਰਨ ਵਾਲੇ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਸੈਣੀ ਭਵਨ ਰੂਪਨਗਰ ਦੇ ਮੋਢੀ ਪ੍ਰਮੁੱਖ ਸਲਾਹਕਾਰ ਤੇ ਮਹਾਂਦਾਨੀ ਲੈਫ. ਕਰਨਲ ਜੀ.ਆਰ. ਸੈਣੀ ਨੇ ਇਸ ਸਾਲ ਆਪਣੀ ਜ਼ਿੰਦਗੀ ਦੇ 100 ਸਾਲ ਪੂਰੇ ਕਰ ਲਏ ਹਨ। ਟਰੱਸਟ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਨੇ 9 ਅਗਸਤ 2018 ਨੂੰ ਮਹਾਂਦਾਨੀ ਲੈਫ਼ ਕਰਨਲ ਜੀ. ਆਰ. ਸੈਣੀ ਦਾ 101ਵਾਂ ਜਨਮ ਦਿਨ ਉਨ੍ਹਾਂ ਦੇ ਹੁਸ਼ਿਆਰਪੁਰ ਵਿਖੇ ਨਿਵਾਸ ਸਥਾਨ 'ਤੇ ਪੁੱਜ ਕੇ ਮਨਾਇਆ ਅਤੇ ਜਨਮ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਪ੍ਰਬੰਧਕਾਂ ਨੇ ਲੈਫ਼ ਕਰਨਲ ਜੀ. ਆਰ. ਸੈਣੀ ਤੋਂ ਕੇਕ ਕਟਾਕੇ ਉਨ੍ਹਾਂ ਦਾ ਮੁੰਹ ਮਿੱਠਾ ਕਰਵਾਇਆ ਅਤੇ ਸਨਮਾਨਿਤ ਕੀਤਾ। ਇਸ ਮੌਕੇ ਤੇ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਟਰੱਸਟੀਜ਼ ਅਜੀਤ ਸਿੰਘ, ਰਾਜਿੰਦਰ ਸੈਣੀ, ਅਮਰਜੀਤ ਸਿੰਘ, ਗੁਰਮੁੱਖ ਸਿੰਘ ਸੈਣੀ ਤੋ ਇਲਾਵਾ ਅਹੁਦੇਦਾਰ ਕੈਪਟਨ ਹਾਕਮ ਸਿੰਘ, ਰਾਜਿੰਦਰ ਸਿੰਘ ਗਿਰਨ, ਪ੍ਰਿਤਪਾਲ ਸਿੰਘ, ਗੁਰਚਰਨ ਸਿੰਘ, ਹਰਦੀਪ ਸਿੰਘ ਤੇ ਸੁਖਵਿੰਦਰ ਸਿੰਘ ਆਦਿ ਨੇ ਟਰੱਸਟ ਦੀ ਮਹਾਂਦਾਨੀ ਸਖ਼ਸੀਅਤ ਨੂੰ ਉਨ੍ਹਾਂ ਦੇ 101 ਵੇਂ ਜਨਮ ਦਿਨ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਖੁਸ਼ਹਾਲ ਜੀਵਨ ਦੀ ਕਾਮਨਾ ਕੀਤੀ। ਆਪਣੇ ਜੀਵਨ ਦੇ 100 ਸਾਲ ਦੀ ਉਮਰ ਵਿੱਚ ਵੀ ਦਿਮਾਗੀ ਤੌਰ 'ਤੇ ਪੂਰਨ ਰੂਪ ਵਿੱਚ ਚੌਕੰਨੇ ਅਤੇ ਤੰਦਰੁਸਤ ਕਰਨਲ ਸੈਣੀ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸੈਣੀ ਭਵਨ ਦੇ ਲੋਕ ਭਲਾਈ ਕਾਰਜਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਜਨਮ ਦਿਨ 'ਤੇ ਪਹੁੰਚ ਕੇ ਉਨ੍ਹਾਂ ਅੰਦਰ ਨਵਾਂ ਉਤਸ਼ਾਹ ਪੈਦਾ ਕੀਤਾ ਹੈ।

ਇਸ ਸਮੈ ਕਰਨਲ ਸਾਹਿਬ ਦੀ ਦੋਹਤ ਨੂੰਹ ਸ਼੍ਰੀਮਤੀ ਗੁਰਜਿੰਦਰ ਕੌਰ ਪਤਨੀ ਰਾਜੇਸ਼ ਚੌਧਰੀ ਨੇ ਸਕਾਲਰਸ਼ਿੱਪ ਦੇਣ ਲਈ ਟਰੱਸਟ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ। ਇੱਥੇ ਇਹ ਵਰਨਣਯੋਗ ਹੈ ਕਿ ਕਰਨਲ ਜੀ.ਆਰ. ਸੈਣੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਨੂੰ ਪਹਿਲਾ ਹੀ 21 ਲੱਖ 15 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ ਹੈ ਅਤੇ ਜਿਸ ਦੇ ਵਿਆਜ ਨਾਲ ਕੋਈ ਦੋ ਦਰਜਨ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਹਰ ਸਾਲ ਵਜ਼ੀਫੇ ਦਿੱਤੇ ਜਾਂਦੇ ਹਨ। ਇਸ ਮੌਕੇ ਕਰਨਲ ਸਾਹਿਬ ਦੇ ਨਜ਼ਦੀਕੀ ਸਬੰਧੀ ਸ. ਜਸਵੰਤ ਸਿੰਘ ਵੀ ਹਾਜ਼ਰ ਸਨ।

ਵਿਛੜੀਆਂ ਸੈਣੀ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀ-



ਸ਼੍ਰੀਮਤੀ ਕਰਮਜੀਤ ਕੌਰ:- ਸੈਣੀ ਭਵਨ ਦੀ ਲਾਈਫ ਮੈਂਬਰ ਅਤੇ ਸਮਾਜ ਸੇਵਾ ਨੂੰ ਸਮਰਪਿਤ ਕਰਮਜੀਤ ਕੌਰ 10 ਜੁਲਾਈ 2018 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਕਰਮਜੀਤ ਕੌਰ ਸਮਾਜ ਦੇ ਲੋਕਾਂ ਲਈ ਪ੍ਰੇਰਣਾ ਸਰੋਤ ਸਨ। ਸ਼੍ਰੀਮਤੀ ਕਰਮਜੀਤ ਕੌਰ ਨੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਲਾਈਫ ਮੈਂਬਰ, ਜ਼ਿਲ੍ਹਾ ਰੈਡ ਕਰਾਸ ਹਸਪਤਾਲ ਭਲਾਈ ਸ਼ਾਖਾ ਦੇ ਆਨਰੇਰੀ ਸਕੱਤਰ ,ਭਾਰਤ ਸੇਵਕ ਸਮਾਜ ਜ਼ਿਲ੍ਹਾ ਰੂਪਨਗਰ ਦੀ ਚੇਅਰਪਰਸਨ, ਜ਼ਿਲ੍ਹਾ ਖਪਤਕਾਰ ਵਿਵਾਦ ਨਿਵਾਰਣ ਫੋਰਮ ਅਤੇ ਜੁਵੇਨਾਈਲ ਵੈਲਫੇਅਰ ਬੋਰਡ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੋਕ ਅਦਾਲਤਾਂ ਦੇ ਮੈਂਬਰ ਵਜੋਂ ਸੇਵਾ ਨਿਭਾਈ। ਆਪ ਨਹਿਰੂ ਯੁਵਾ ਕੇਂਦਰ ਨਾਲ ਵੀ ਜੁੜੇ ਰਹੇ। ਉਨ੍ਹਾਂ ਦੀ ਸ਼ਾਦੀ ਪਿੰਡ ਘਨੌਲੀ ਤੋ ਸੈਣੀ ਬਰਾਦਰੀ ਦੇ ਉੱਘੇ ਅਜ਼ਾਦੀ ਘੁਲਾਟੀਏ ਕਵੀਸ਼ਰ ਹਰਨਾਮ ਸਿੰਘ ਦੇ ਪੁੱਤਰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਸਾਬਕਾ ਮੈਂਬਰ ਐਡਵੋਕੇਟ ਸ੍ਰ: ਹਜ਼ੂਰਾ ਸਿੰਘ ਨਾਲ ਹੋਈ। ਇਨ੍ਹਾਂ ਦਾ ਬੇਟਾ ਬਹਾਦਰਜੀਤ ਸਿੰਘ ਜ਼ਿਲ੍ਹਾ ਪ੍ਰੈੱਸ ਕਲੱਬਜ਼ ਐਸੋਸੀਏਸ਼ਨ ਰੂਪਨਗਰ ਦਾ ਪ੍ਰਧਾਨ ਤੋਂ ਇਲਾਵਾ ਮੈਗਜ਼ੀਨ ''ਸੈਣੀ ਸੰਸਾਰ'' ਦਾ ਸਲਾਹਕਾਰ ਵੀ ਹੈ। ਸੈਣੀ ਭਵਨ ਦੇ ਪ੍ਰਬੰਧਕ ਮਾਤਾ ਕਰਮਜੀਤ ਕੌਰ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ।

ਸਰਦਾਰਨੀ ਸਵਰਨ ਕੌਰ ਪੰਗਲੀਆ:- ਸੈਣੀ



ਚੈਰੀਟੇਬਲ ਐਜੂਕੇਸ਼ਨ ਟਰੱਸਟ ਦੇ ਡੋਨਰ ਅਤੇ 'ਅਜੀਤ' ਉੱਪ ਦਫ਼ਤਰ ਰੂਪਨਗਰ ਦੇ ਇੰਚਾਰਜ ਅਤੇ ਰੂਪਨਗਰ ਪ੍ਰੈੱਸ ਕਲੱਬ ਦੇ ਜਨਰਲ ਸਕੱਤਰ ਸਤਨਾਮ ਸਿੰਘ ਸੱਤੀ ਦੇ ਮਾਤਾ ਸਵਰਨ ਕੌਰ, 2 ਅਗਸਤ 2018 ਨੂੰ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਮਾਤਾ ਸਵਰਨ ਕੌਰ ਦਾ ਵਿਆਹ ਕੋਟਲਾ ਨਿਹੰਗ ਖਾਂ ਦੇ ਰਜਿੰਦਰ ਸਿੰਘ ਟਾਂਕ ਨਾਲ ਹੋਇਆ। ਮੁੱਢ ਤੋਂ ਹੀ ਸੰਘਰਸ਼ਸ਼ੀਲ ਅਤੇ ਇਮਾਨਦਾਰ ਸ਼ਖ਼ਸੀਅਤ ਦੇ ਮਾਲਕ ਮਾਤਾ ਸਵਰਨ ਕੌਰ ਨੇ ਆਪਣੇ ਬੱਚਿਆਂ 'ਚ ਸੰਘਰਸ਼ਸ਼ੀਲ ਰਹਿਣ, ਸਮਾਜ ਸੇਵਾ, ਦੂਜਿਆਂ ਦੇ ਮਦਦਗਾਰ ਬਣਨ ਅਤੇ ਇਮਾਨਦਾਰੀ ਜਿਹੇ ਸੰਸਕਾਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਮਾਤਾ ਸਵਰਨ ਕੌਰ ਦੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ

ਲੈਫਟੀਨੈਂਟ ਹਰਮਨ ਸਿੰਘ ਗੋਲੀਆ ਦਾ ਸਨਮਾਨ

ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਵੱਲੋਂ 17 ਸਤੰਬਰ ਨੂੰ, ਸੰਸਥਾ ਦੇ ਲਾਈਫ ਮੈਂਬਰ ਕੁਲਦੀਪ ਸਿੰਘ ਗੋਲੀਆ (ਸੈਣੀ) ਵਾਸੀ ਰਣਜੀਤ ਐਵੇਨਿਊ ਰੂਪਨਗਰ ਦੇ ਸਪੁੱਤਰ ਹਰਮਨ ਸਿੰਘ ਗੋਲੀਆ ਦਾ ਭਾਰਤੀ ਫ਼ੌਜ ਵਿੱਚ ਕਮਿਸ਼ਨ ਪ੍ਰਾਪਤ ਕਰਕੇ ਲੈਫਟੀਨੈਂਟ ਬਣਨ ਉਪਰੰਤ ਸੈਣੀ ਭਵਨ ਪਹੁੰਚਣ 'ਤੇ ਨਿੱਘਾ ਸਵਾਗਤ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਵੱਲੋਂ ਹਰਮਨ ਸਿੰਘ ਗੋਲੀਆ ਨੂੰ ਵਧਾਈ ਦਿੰਦੇ ਹੋਏ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਕਿਹਾ ਗੋਲੀਆ ਪਰਿਵਾਰ ਇਸ ਗੱਲ ਲਈ ਬਹੁਤ ਹੀ ਵਧਾਈ ਦਾ ਪਾਤਰ ਹੈ ਕਿ ਜਿਸ ਨੇ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਅੱਗੇ ਵੱਧਣ ਲਈ ਚੰਗੀ ਸੇਧ ਦਿੱਤੀ। ਹਰਮਨ ਸਿੰਘ ਮਕੈਨੀਕਲ ਇੰਜਨੀਅਰਿੰਗ ਦਾ ਗ੍ਰੈਜੂਏਟ ਹੈ। ਇਸ ਮੌਕੇ ਲੈਫ. ਹਰਮਨ ਸਿੰਘ ਗੋਲੀਆ ਨੇ ਕਿਹਾ ਕਿ ਪ੍ਰਮਾਤਮਾ ਦੀ ਓਟ ਨਾਲ ਮੈਂ ਇਸ ਮੁਕਾਮ 'ਤੇ ਆਪਣੇ ਮਾਪਿਆਂ, ਅਧਿਆਪਕਾਂ ਤੇ ਸੁਭ ਚਿੰਤਕਾਂ ਦੀ ਅਸ਼ੀਰਵਾਦ ਨਾਲ ਪਹੁਚਿਆ ਹਾਂ। ਉਨ੍ਹਾਂ ਸੈਣੀ ਭਵਨ ਦੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਸਭ ਦੀ ਅਸ਼ੀਰਵਾਦ ਉਸ ਦਾ ਮਾਰਗਦਰਸ਼ਨ ਕਰਦੀ ਰਹੇਗੀ। ਇਸ ਸਮੇਂ ਲੈਫ ਗੋਲੀਆ ਦੇ ਪਿਤਾ ਕੁਲਦੀਪ ਸਿੰਘ ਗੋਲੀਆ, ਮਾਤਾ ਭੁਪਿੰਦਰ ਕੌਰ, ਸੰਸਥਾ ਦੇ ਪੀਆਰਓ ਰਾਜਿੰਦਰ ਸੈਣੀ, ਮੀਤ ਪ੍ਰਧਾਨ ਗੁਰਮੁੱਖ ਸਿੰਘ ਲੋਂਗੀਆ, ਟਰੱਸਟੀ ਡਾ. ਜਸਵੰਤ ਕੌਰ ਸੈਣੀ, ਸ. ਅਜੀਤ ਸਿੰਘ, ਸ. ਅਮਰਜੀਤ ਸਿੰਘ, ਅਤੇ ਪ੍ਰਬੰਧਕ ਕਮੇਟੀ ਮੈਂਬਰ, ਸ. ਰਾਜਿੰਦਰ ਸਿੰਘ, ਸ.ਪ੍ਰਿਤਪਾਲ ਸਿੰਘ, ਸ.ਸੁਰਿੰਦਰ ਸਿੰਘ, ਸ.ਅਜਮੇਰ ਸਿੰਘ ਧੰਮੜੈਤ, ਸ.ਦਲਜੀਤ ਸਿੰਘ ਅਤੇ ਮੈਨੇਜਰ ਸ. ਹਰਦੀਪ ਸਿੰਘ ਆਦਿ ਹਾਜ਼ਰ ਸਨ।

ਸੈਣੀ ਭਵਨ ਦੀ ਇਮਾਰਤ ਅਤੇ ਸਾਜੋਸਮਾਨ ਦਾ ਨਵੀਨੀਕਰਨ

ਸੀ.ਸੀ.ਟੀ.ਵੀ. ਕੈਮਰੇ ਲਗਾਏ- ਸੈਣੀ ਭਵਨ ਦੀ ਇਮਾਰਤ ਅਤੇ ਇੱਥੇ ਪੜ੍ਹਦੀਆਂ ਸਿਖਿਆਰਥਣਾਂ ਦੀ ਸੁਰੱਖਿਆ ਦੇ ਉਦੇਸ਼ ਨਾਲ ਇੱਥੇ ਅੱਠ ਸੀ.ਸੀ.ਟੀ.ਵੀ. ਕੈਮਰੇ ਲਗਵਾਏ ਗਏ ਹਨ।

ਨਵੀਆਂ ਸਿਲਾਈ ਮਸ਼ੀਨਾਂ ਦੀ ਖਰੀਦ-ਸੈਣੀ ਭਵਨ ਵਿਖੇ ਲੋੜਵੰਦ ਨੌਜਵਾਨਾਂ ਨੂੰ ਕਿੱਤਾ ਸਿਖਲਾਈ ਦੇਣ ਲਈ ਚਾਰ ਸੈਂਟਰ ਪੂਰੀ ਸਫਲਤਾ ਨਾਲ ਕੰਮ ਕਰ ਰਹੇ ਹਨ। ਇਨ੍ਹਾਂ ਵਿੱਚੋਂ ਫੈਸ਼ਨ ਡਿਜ਼ਾਇਨਿੰਗ ਸੈਂਟਰ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਰਿਹਾ ਹੈ ਜਿਸ ਕਾਰਨ ਇਸ ਵਿੱਚ ਸਿਖਿਆਰਥਣਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਇਸ ਲਈ ਸਿਖਿਆਰਥਣਾਂ ਨੂੰ ਵਧੀਆ ਸਿਖਲਾਈ ਦੇਣ ਲਈ ਆਧੁਨਿਕ ਮਸ਼ੀਨਾਂ ਖਰੀਦ ਕੇ ਦਿੱਤੀਆਂ ਗਈਆਂ ਹਨ।

❋ ❋ ❋ ❋ ❋

ਕਰਜ਼ਈ ਪੰਜਾਬ ਦੇ ਸ਼ਾਹੀ ਸ਼ਾਸਕ

ਇੱਕ ਖਬਰ ਅਨੁਸਾਰ ਪੰਜਾਬ ਦੀ ਸਾਬਕਾ ਸਰਕਾਰ ਸਮੇਂ ਬਾਦਲ ਪਰਿਵਾਰ ਦੇ ਮੰਤਰੀਆਂ ਨੇ ਭਾੜੇ ਦੇ ਹੈਲੀਕਾਪਟਰਾਂ ਅਤੇ ਚਾਰਟਰਡ ਜਹਾਜ਼ਾਂ 'ਤੇ 121 ਕਰੋੜ ਰੁਪਏ ਖਰਚੇ ਹਨ। ਇਹ ਖਰਚ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਜ਼ਿਆਦਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਦੇ ਦੌਰੇ ਸਮੇ ਉਨ੍ਹਾਂ ਨਾਲ 51 ਸਰਕਾਰੀ ਕਾਰਾਂ ਦਾ ਕਾਫਲਾ ਚੱਲਿਆ ਕਰਦਾ ਸੀ ਜਿਸ ਲਈ 19 ਮਹੀਨਿਆਂ ਵਿੱਚ 14 ਕਰੋੜ ਰੁਪਏ ਦਾ ਤੇਲ ਫੂਕਿਆ ਗਿਆ। ਇਹ ਉਸ ਪੰਜਾਬ ਦੀ ਗੱਲ ਹੈ ਜੋ ਅਰਬਾਂ ਦਾ ਕਰਜ਼ਈ ਹੈ ਅਤੇ ਜਿੱਥੇ ਅੱਤਵਾਦ ਜਾਂ ਖਾੜਕੂਵਾਦ ਦਾ ਨਾਮੋ-ਨਿਸ਼ਾਨ ਨਹੀਂ ਹੈ।

* ਮੌਜੂਦਾ ਸਰਕਾਰ ਵੀ ਐਸ਼-ਪ੍ਰਸਤੀ ਕਰਨ ਵਿੱਚ ਘੱਟ ਨਹੀਂ। ਪ੍ਰਾਹੁਣਚਾਰੀ ਵਿਭਾਗ ਦੇ ਵੇਰਵਿਆਂ ਅਨੁਸਾਰ ਇਸ ਸਰਕਾਰ ਦੇ ਪਹਿਲੇ ਵਰ੍ਹੇ ਦੌਰਾਨ ਹੀ ਮੁੱਖ ਮੰਤਰੀ ਅਤੇ ਵਜ਼ੀਰਾਂ ਦੇ ਚਾਹ-ਪਾਣੀ 'ਤੇ ਕਰੀਬ 28 ਲੱਖ ਰੁਪਏ ਖਰਚ ਆਏ ਹਨ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਭਵਨ ਵੱਲ ਕਰੀਬ 20 ਲੱਖ ਰੁਪਏ ਦੀਆਂ ਦੇਣਦਾਰੀਆਂ ਖੜ੍ਹੀਆਂ ਹਨ। ਇਸ ਸਾਲ ਸਿਵਲ ਸਕੱਤਰੇਤ/ਵਿਧਾਨ ਸਭਾ ਕੰਟੀਨ ਲਈ ਸਰਕਾਰ ਵਲੋਂ 1.20 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਸੀ ਜਿਸ ਵਿੱਚੋਂ 1.17 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਸਰਕਾਰੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਪਹਿਲੀ ਸਰਕਾਰ ਦੇ ਮੁਕਾਬਲੇ ਇਹ ਖਰਚਾ ਕਈ ਗੁਣਾ ਘੱਟ ਹੈ।

ਗੁਰੂ ਜੀ ਦੀ 550ਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ



ਗੁਰੂ ਨਾਨਕ ਦੇਵ ਜੀ ਦੀ ਜਗਨਨਾਥ ਪੁਰੀ ਦੀ ਫੇਰੀ

ਦੇਵਿੰਦਰ ਸਿੰਘ ਗਿਲ
ਜੀਆ ਨੱਥਾ

ਸ਼੍ਰੀ ਗੁਰੂ ਨਾਨਕ ਦੇਵ ਜੀ ਸਮਾਜ-ਸੁਧਾਰਕ ਅਤੇ ਕ੍ਰਾਂਤੀਕਾਰੀ ਸਤਿਗੁਰੂ ਵੀ ਸਨ। ਆਪ ਜੀ ਨੇ ਸਮੁੱਚੇ ਸਮਾਜ ਨੂੰ ਫੋਕੇ ਰੀਤੀ ਰਿਵਾਜਾਂ,ਝੂਠੇ ਵਹਿਮਾਂ ਤੇ ਭਰਮਾਂ'ਚੋਂ ਕੱਢ ਕੇ ਸਮੁੱਚੀ ਮਾਨਵਤਾ ਨੂੰ ਸੱਚ ਦਾ ਮਾਰਗ ਦਿਖਾਇਆ।....ਗੁਰੂ ਜੀ ਨੇ ਸੱਚ ਦਾ ਪ੍ਰਚਾਰ ਸਮੁੱਚੇ ਭਾਰਤ ਅਤੇ ਵਿਦੇਸ਼ਾਂ ਵਿੱਚ (ਉਦਾਸੀਆਂ ਰਾਹੀਂ) ਦੂਰ ਦੂਰ ਤੱਕ ਕੀਤਾ। ਅਨੇਕ ਸਿੱਧ ਸਾਧਕਾਂ, ਜੋਗੀਆਂ, ਪਾਖੰਡੀ ਪਾਂਡਿਆਂ ਅਤੇ ਮੌਲਵੀ ਕਾਜ਼ੀਆਂ ਨੂੰ ਸੱਚ ਦਾ ਮਾਰਗ ਦਿਖਾਇਆ ਅਤੇ ਇੱਕ ਅਕਾਲਪੁਰਖ ਦੀ ਅਰਾਧਨਾ ਕਰਨ ਦੀ ਸਿੱਖਿਆ ਦਿੱਤੀ। ਆਪ ਜੀ ਪੂਰਬ ਦੀ ਉਦਾਸੀ ਸਮੇਂ ਆਸਾਮ, ਕਾਮਰੂਪ ਅਤੇ ਫਿਰ ਜਗਨ ਨਾਥ ਪੁਰੀ ਤੋਂ ਹੁੰਦੇ ਹੋਏ ਦੱਖਣੀ ਭਾਰਤ ਵੱਲ ਗਏ ਤੇ ਫਿਰ ਗੁਰੂ ਜੀ ਸ਼੍ਰੀ ਲੰਕਾ ਸੰਗਲਾਦੀਪ ਤੱਕ ਪਹੁੰਚੇ। ਇਸ ਉਦਾਸੀ ਦਾ ਵੇਰਵਾ 'ਮਿਹਰਵਾਨ ਵਾਲੀ ਜਨਮ ਸਾਖੀ' ਵਿੱਚੋਂ ਮਿਲਦਾ ਹੈ।

....ਸੰਨ 1509 ਵਿੱਚ ਬੰਗਾਲ ਦੇ ਨਵਾਬ ਹੁਸੈਨ ਸ਼ਾਹ ਨੇ ਜਗਨਨਾਥ ਪੁਰੀ 'ਤੇ ਹਮਲਾ ਕਰ ਦਿੱਤਾ ਅਤੇ ਉਸ ਨੇ ਵੈਸ਼ਨਵ ਬ੍ਰਾਹਮਣਾ ਦਾ ਕਤਲ ਕਰਕੇ ਮੂਰਤੀਆਂ ਭੰਨ ਦਿੱਤੀਆਂ। ਇਸ ਨਾਲ ਬ੍ਰਾਹਮਣ ਪੁਰੀ ਛੱਡ ਕੇ ਭੱਜ ਗਏ ਅਤੇ ਮੂਰਤੀਆਂ ਝਿਲਕਾ ਝੀਲ ਵਿੱਚ ਛੁਪਾ ਦਿੱਤੀਆਂ। ਗੁਰੂ ਜੀ 1510 ਈ.(ਇਸ ਬਾਰੇ ਇਤਿਹਾਸਕਾਰਾਂ ਵਿਚਕਾਰ ਕੁੱਝ ਮੱਤਭੇਦ ਹਨ) ਦੇ ਆਸਪਾਸ ਢਾਕੇ ਦੀ ਧਰਤੀ ਨੂੰ ਭਾਗ ਲਾਉਂਦੇ ਹੋਏ ਉੜੀਸਾ ਦੀ ਰਾਜਧਾਨੀ ਵੱਲ ਆ ਗਏ। ਉਸ ਸਮੇਂ ਉੜੀਸਾ ਦਾ ਰਾਜਾ ਪ੍ਰਤਾਪ ਰੁਦਰ ਦੇਵ ਸੀ। ਉਸ ਦੇ ਰਾਜ ਵਿੱਚ ਵੈਸ਼ਨਵ ਬ੍ਰਾਹਮਣਾ ਅਤੇ ਬੋਧੀ ਭਿਕਸ਼ੂਆਂ ਵਿੱਚ ਬਹੁਤ ਕਸ਼ਮਕਸ਼ ਚੱਲਦੀ ਰਹਿੰਦੀ ਸੀ। ਜੇ ਵੈਸ਼ਨਵ ਬ੍ਰਾਹਮਣ ਬੋਧੀਆਂ ਨੂੰ ਸ਼ਾਸਤਾਰਥ ਵਿੱਚ ਹਰਾ ਦਿੰਦੇ ਤਾਂ ਰਾਜਾ ਵੈਸ਼ਨਵ ਮਤ ਦਾ ਅਨੁਯਾਈ ਹੋ ਜਾਂਦਾ ਪਰੰਤੂ ਜੇ ਕੁੱਝ ਸਮੇਂ ਬਾਅਦ ਬੋਧੀ ਭਿਕਸ਼ੂ ਜਿੱਤ ਜਾਂਦੇ ਤਾਂ ਰਾਜਾ ਬੋਧੀ ਬਣ ਜਾਂਦਾ। ਅਸਲ ਵਿੱਚ ਰਾਜਾ ਪ੍ਰਤਾਪ ਰੁਦਰ ਦੇਵ ਬੋਧੀ ਖਿਆਲਾਂ ਦਾ ਸੀ ਜਦੋਂ ਕਿ ਉਸ ਦੀ ਰਾਣੀ ਵੈਸ਼ਨਵ ਧਰਮ ਦੀ ਧਾਰਣੀ ਸੀ। ਜਦੋਂ ਰਾਜਾ ਪ੍ਰਤਾਪ ਰੁਦਰ ਦੇਵ ਨੂੰ ਪੰਜਾਬ ਤੋਂ ਕਿਸੇ ਮਹਾਂਪੁਰਸ਼ ਦੀ ਆਮਦ ਦਾ ਪਤਾ ਲੱਗਾ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਉਸ ਨੇ ਮਰਦਾਨੇ ਦੀ ਰਬਾਬ ਨੂੰ ਸੁਣਿਆਂ ਅਤੇ ਗੁਰੂ ਜੀ ਤੋਂ ਕੀਰਤਨ ਸ੍ਰਵਣ ਕੀਤਾ ਤਾਂ ਉਹ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਗੁਰੂ ਜੀ ਨਾਲ ਵਿਚਾਰ ਚਰਚਾ ਕੀਤੀ ਅਤੇ ਸੱਚ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਲਈ।

ਗੁਰੂ ਜੀ ਦੀ ਆਮਦ ਬਾਰੇ ਗਲੀ ਗਲੀ ਚਰਚਾ ਹੋਣ ਲਗ ਪਈ। ਪੁਰੀ ਵਿੱਚ ਰਹਿਣ ਵਾਲਾ ਇੱਕ ਪਾਂਡਾ ਜਿਸ ਨੂੰ 'ਵਲਾਇਤ ਵਾਲੀ ਜਨਮ ਸਾਖੀ' ਵਿੱਚ 'ਕਲਯੁਗ' ਲਿਖਿਆ ਗਿਆ ਹੈ, ਤਾਂਤਰਿਕ ਵਿੱਦਿਆ ਦਾ ਮਾਹਿਰ ਸੀ। ਉਹ ਗੁਰੂ ਜੀ ਦੇ ਵਧਦੇ ਸਤਿਕਾਰ ਨੂੰ ਉਹ ਸਹਿਨ ਨਾ ਸਕਿਆ ਅਤੇ ਗੁਰੂ ਜੀ ਨੂੰ ਡਰਾਉਣ ਧਮਕਾਉਣ ਲਈ ਉਨ੍ਹਾਂ 'ਤੇ ਜਾਦੂ ਕਰਨ ਲੱਗਾ। ਉਹ ਆਪਣੀ ਤਾਂਤਰਿਕ ਵਿੱਦਿਆ ਨਾਲ ਕਈ ਪ੍ਰਕਾਰ ਦੇ ਰੂਪ ਬਣਾ ਕੇ ਸਾਹਮਣੇ ਆਉਣ ਲੱਗਾ ਪਰ ਗੁਰੂ ਜੀ



ਅਡੋਲ ਬੈਠੇ ਰਹੇ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਤਾਂ ਆਪ ਜੀ ਨੇ ਇਹ ਸ਼ਬਦ ਗਾਇਨ ਕੀਤਾ-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥

ਗੁਰਬਾਣੀ ਦਾ ਸ੍ਰਵਣ ਕਰ ਕੇ ਕਲਯੁਗ ਪਾਂਡੇ ਦਾ ਹੰਕਾਰ ਟੁੱਟ ਗਿਆ ਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਉਹ ਬਹੁਤ ਅਮੀਰ ਪਾਂਡਾ ਸੀ। ਉਸ ਨੇ ਆਪਣੀ ਸਾਰੀ ਦੌਲਤ ਗੁਰੂ ਆਸ਼ੇ 'ਤੇ ਨਿਸ਼ਾਵਰ ਕਰਨੀ ਚਾਹੀ। ਉਸ ਨੇ ਆਪਣੀ ਇਹ ਇੱਛਾ ਗੁਰੂ ਜੀ ਨੂੰ ਦੱਸੀ ਤਾਂ ਉਨ੍ਹਾਂ ਉਸ ਨੂੰ ਸਾਰੀ ਦੌਲਤ ਲੋਕ ਕਲਿਆਣ ਹਿਤ ਲਗਾਉਣ ਲਈ ਇੱਕ ਜਗਾਹ ਦੱਸੀ ਜਿੱਥੇ ਪਿਆਸਿਆਂ ਦੀ ਪਿਆਸ ਬੁਝਾਉਣ ਲਈ ਬਾਉਲੀ ਦਾ ਨਿਰਮਾਣ ਕੀਤਾ ਗਿਆ। ਗੁਰੂ ਜੀ ਨੇ ਉਸ ਪਾਂਡੇ ਨੂੰ ਉੱਥੋਂ ਦਾ ਪ੍ਰਮੁੱਖ ਪ੍ਰਚਾਰਿਕ ਥਾਪ ਦਿੱਤਾ। ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਅਨੁਸਾਰ ਜਦੋਂ ਉਹ 1870 ਈ. ਵਿੱਚ ਪੁਰੀ ਗਏ ਸਨ ਤਾਂ ਕਲਯੁਗ ਪਾਂਡੇ ਦੀ ਜੱਦ ਦਾ ਪਾਂਡਾ ਭਗਵਾਨ ਦਾਸ ਕਲਯੁਗ ਉਨ੍ਹਾਂ ਨੂੰ ਮਿਲਿਆ ਸੀ ਜਿਸ ਪਾਸ ਉਹ ਤਿੰਨ ਮਹੀਨੇ ਰਹੇ ਸਨ।

ਗੁਰੂ ਜੀ ਭਾਈ ਬਾਲੇ ਅਤੇ ਭਾਈ ਮਰਦਾਨੇ ਨਾਲ ਰੱਥ ਯਾਤਰਾ ਦੇ ਉਤਸਵ ਸਮੇਂ ਪੁਰੀ ਪਹੁੰਚੇ ਸਨ। ਇੱਥੇ ਸਮੁੰਦਰ ਦੇ ਕੰਢੇ ਜਗਨ ਨਾਥ ਦਾ ਪ੍ਰਸਿੱਧ ਮੰਦਰ ਹੈ। ਬੰਗਾਲ ਦੇ ਪ੍ਰਸਿੱਧ ਕ੍ਰਿਸ਼ਨ ਭਗਤ ਚੈਤੰਨਿਆ ਮਹਾਂਪ੍ਰਭੂ (1485-1533 ਈ.)

ਵੀ ਉਸ ਸਮੇਂ ਉੱਥੇ ਹਾਜ਼ਰ ਸਨ। ਕਿਹਾ ਜਾਂਦਾ ਹੈ ਕਿ ਜਗਨ ਨਾਥ ਦੇ ਸਥਾਨ 'ਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਕਿਸੇ ਸ਼ਿਕਾਰੀ ਨੇ ਤੀਰ ਮਾਰ ਕੇ ਮਾਰ ਦਿੱਤਾ ਸੀ। ਕੁੱਝ ਸਮੇਂ ਤੱਕ ਉਨ੍ਹਾਂ ਦੀ ਦੇਹ ਉੱਥੇ ਹੀ ਪਈ ਗਲ ਸੜ ਗਈ ਅਤੇ ਕੇਵਲ ਹੱਡੀਆਂ ਹੀ ਬਚੀਆਂ। ਰਾਜਾ ਇੰਦਰ ਦਿਓਮਨ ਨੇ ਇਨ੍ਹਾਂ ਹੱਡੀਆਂ ਨੂੰ ਵਿੱਚ ਰਖ ਕੇ ਜਗਨ ਨਾਥ ਦੀ ਮੂਰਤੀ ਬਣਵਾਈ ਸੀ।

ਗੁਰੂ ਜੀ ਜਗਨ ਨਾਥ ਮੰਦਰ ਤੋਂ ਬਾਹਰ ਆਸਣ ਲਗਾ ਕੇ ਬੈਠ ਗਏ। ਸਮੁੰਦਰ ਦਾ ਕਿਨਾਰਾ ਤੇ ਠੰਢੀ ਹਵਾ ਮਨ ਤੇ ਸਰੀਰ ਨੂੰ ਤਾਜ਼ਾ ਕਰ ਰਹੇ ਸਨ। ਜਗਤ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇਤਰ ਮੁੰਦੇ ਹੋਏ ਵਾਹਿਗੁਰੂ ਨਾਲ ਜੁੜੇ ਅਹਿਲ ਬੈਠੇ ਰਹੇ। ਸ਼ਾਮ ਦੇ ਸਮੇਂ ਪੁਜਾਰੀਆਂ ਨੇ ਹੱਥਾਂ ਵਿੱਚ ਦੀਵਿਆਂ ਦੇ ਥਾਲ ਫੜ ਕੇ ਜਗਨ ਨਾਥ ਦੀ ਮੂਰਤੀ ਅੱਗੇ ਆਰਤੀ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਜੀ ਅਗੰਮੀ ਰੰਗ ਵਿੱਚ ਰੰਗੇ ਹੋਏ ਬੈਠੇ ਰਹੇ। ਪੁਜਾਰੀ ਇਹ ਦੇਖ ਕੇ ਹੈਰਾਨ ਅਤੇ ਗੁੱਸੇ ਵਿੱਚ ਆ ਗਏ ਅਤੇ ਗੁਰੂ ਜੀ ਨੂੰ ਆਰਤੀ ਵਿੱਚ ਨਾਂ ਸ਼ਾਮਲ ਹੋਣ ਦਾ ਕਾਰਨ ਪੁੱਛਣ ਲੱਗੇ। ਗੁਰੂ ਜੀ ਨੇ ਸ਼ਾਂਤ ਚਿੱਤ ਉੱਤਰ ਦਿੱਤਾ, ' ਅਸੀਂ ਅਕਾਲ ਪੁਰਖ ਦੀ ਆਰਤੀ ਕਰ ਰਹੇ ਹਾਂ, ਇਹੋ ਅਸਲ ਆਰਤੀ ਹੈ। ਪੁਜਾਰੀ ਪਾਂਡਿਆਂ ਨੇ ਫਿਰ ਬੇਨਤੀ ਕੀਤੀ, ' ਇਹ ਆਰਤੀ ਸਾਨੂੰ ਵੀ ਸੁਣਾਓ'। ਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ–

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।।
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ।।
ਭਵ ਖੰਡਨਾ ਤੇਰੀ ਆਰਤੀ।।
ਅਨਹਤਾ ਸਬਦ ਵਾਜੰਤ ਭੇਰੀ।।ਰਹਾਉ।।.....

ਗੁਰੂ ਜੀ ਦੇ ਸੱਚੇ ਸੁੱਚੇ ਗਿਆਨ ਤੇ ਅਕਾਲ ਪੁਰਖ ਦੀ ਸਿਫਤ ਬਿਆਨੀ ਤੋਂ ਪੁਜਾਰੀ ਅਤੇ ਹੋਰ ਹਾਜ਼ਰ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਸਭ ਗੁਰੂ ਜੀ ਦੇ ਚਰਨੀ ਲੱਗੇ। ਸਭ ਲੋਕ ਅਤੇ ਪੁਜਾਰੀ ਗੁਰੂ ਜੀ ਦੇ ਸੱਚ ਦੇ ਮਾਰਗ ਦੇ ਧਾਰਨੀ ਹੋਏ। ਆਪ ਗੁਰੂ ਜੀ ਭਾਈ ਬਾਲਾ ਤੇ ਮਰਦਾਨਾ ਜੀ ਨਾਲ ਜਗਤ ਜਲੰਦੇ ਨੂੰ ਰੱਖਣ ਲਈ ਦੱਖਣ ਦਿਸ਼ਾ ਵੱਲ ਸੰਗਲਾਦੀਪ ਚਲੇ ਗਏ।

(ਇਸ ਲੇਖ ਦੇ ਵੇਰਵੇ ਡਾ. ਤਿਰਲੋਚਨ ਸਿੰਘ ਦੀ ਪੁਸਤਕ, ' ਜੀਵਨ ਚਰਿਤਰ ਗੁਰੂ ਨਾਨਕ ਦੇਵ ਜੀ'; ਐਨ.ਕੇ. ਸਾਹੂ ਦੀ ਪੁਸਤਕ, ' ਏ ਹਿਸਟਰੀ ਆਫ ਉੜੀਸਾ'; ਪੰਡਤ ਤਾਰਾ ਸਿੰਘ ਨਿਰੋਤਮ ਦੀ ਪੁਸਤਕ, ' ਗੁਰ ਤੀਰਥ ਸੰਗ੍ਰਹਿ'; ਗਿਆਨੀ ਗਿਆਨ ਸਿੰਘ ਦੀ ਪੁਸਤਕ, 'ਤਵਾਰੀਖ ਗੁਰ ਖਾਲਸਾ' ਅਤੇ ਡਾ. ਕਿਰਪਾਲ ਸਿੰਘ ਦੀ ਪੁਸਤਕ, ' ਜਨਮ ਸਾਖੀ ਪਰੰਪਰਾ' ਵਿੱਚੋਂ ਲਏ ਗਏ ਹਨ।)

❋ ❋ ❋ ❋ ❋



ਕਵਿਤਾ

ਨਿਰਮਲ ਸਿੰਘ ਨਿਰਮਲ
ਰੂਪਨਗਰ

ਦਿਨ-ਬ-ਦਿਨ ਕੈਸਾ ਇਨਸਾਨ ਹੁੰਦਾ ਜਾ ਰਿਹੈ,
ਇਨਸਾਨੀਅਤ ਨੂੰ ਛੱਡ ਕੇ ਹੈਵਾਨ ਹੁੰਦਾ ਜਾ ਰਿਹੈ।
ਬਿਨ ਪੈਸਿਆਂ ਦੇ ਫਾਈਲ ਤੁਰਦੀ ਅਗੇ ਨਾ,
ਹਰ ਇਕ ਨੂੰ ਇਹ ਪਰਵਾਨ ਹੁੰਦਾ ਜਾ ਰਿਹੈ।
ਪੈਸਾ ਏ ਜਾਨ ਇਹਦੀ ਪੈਸਾ ਏ ਸ਼ਾਨ ਇਹਦੀ,
ਪੈਸੇ ਨੂੰ ਪਾਓਣ ਖਾਤਰ ਗਲਤਾਨ ਹੁੰਦਾ ਜਾ ਰਿਹੈ।
ਪੈਸੇ ਦਾ ਇਹ ਪੁਜਾਰੀ ਦਿਨ ਰਾਤ ਸੋਚਦਾ ਏ,
ਫੈਦਾ ਹੁੰਦਾ ਜਾ ਰਿਹਾ ਨੁਕਸਾਨ ਹੁੰਦਾ ਜਾ ਰਿਹੈ।
ਈਮਾਨ ਵੇਚ ਕੇ ਵੀ ਸਨਮਾਨ ਇਹ ਖਰੀਦਦਾ,
ਇਓਂ ਜਾਪਦਾ ਇਹ ਬੇਈਮਾਨ ਹੁੰਦਾ ਜਾ ਰਿਹੈ।
ਹੈ ਧੁੰਦਲੀ ਇਹ ਧਰਤੀ ਹੈ ਧੁੰਦਲਾ ਚੁਫੇਰਾ,
ਧੂੰਏਂ ਨਾਲ ਕਾਲਾ ਅਸਮਾਨ ਹੁੰਦਾ ਜਾ ਰਿਹੈ।
ਸਮੇਂ ਦੀ ਇਹ ਤਰੱਕੀ ਜੋ ਚੋਟੀਆਂ ਤੇ ਪੁੱਜੀ,
ਮੌਤ ਦਾ ਇਹ ਜਾਣੋ ਸਾਮਾਨ ਹੁੰਦਾ ਜਾ ਰਿਹੈ।
ਗਰੀਬ ਹੁੰਦਾ ਜਾ ਰਿਹੈ ਗਰੀਬ ਦਿਨੋਂ ਦਿਨ ਹੀ,
ਧਨੀ ਦਿਨ-ਬ-ਦਿਨ ਧਨਵਾਨ ਹੁੰਦਾ ਜਾ ਰਿਹੈ।
ਜਿਸ ਤਰ੍ਹਾਂ ਦੇ 'ਨਿਰਮਲ' ਭਗਵਾਨ ਦੇ ਪੁਜਾਰੀ,

❋ ❋ ❋ ❋ ❋

ਮਨੁੱਖਤਾ ਦੀ ਸੱਚੀ ਸੇਵਾ

ਸਮਾਜ ਦੇ ਲਤਾੜੇ ਅਤੇ ਪਿਛੜੇ ਲੋਕਾਂ ਦੀ ਸੇਵਾ ਨੂੰ ਸਮਰਪਿਤ ' **ਟਰਸਟ ਫਾਰ ਦ ਵੈਲਫੇਅਰ ਆਫ ਵੰਜਾਰਾ ਐਂਡ ਅਦਰ ਵੀਕਰ ਸੈਕਸ਼ਨਜ਼, ਮੋਹਾਲੀ**' ਲੜਕੀਆਂ ਦੀ ਕਿੱਤਾ ਸਿੱਖਿਆ ਲਈ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਇਸ ਮਿਸ਼ਨ ਅਧੀਨ ਇਸ ਟਰਸਟ ਵਲੋਂ ਸਾਲ 2016 ਤੋਂ ਹਰ ਸਾਲ ਸੈਣੀ ਭਵਨ ਵਿੱਚ ਚੱਲ ਰਹੇ ਸਿਲਾਈ ਕਢਾਈ ਸੈਂਟਰ ਦੀਆਂ ਅਧਿਆਪਕਾਵਾਂ ਦੀ ਤਨਖਾਹ ਲਈ ਦਸ ਹਜ਼ਾਰ ਰੁਪਏ ਭੇਜੇ ਜਾ ਰਹੇ ਹਨ। ਇਸ ਸਾਲ ਦੀ ਰਾਸ਼ੀ ਸੈਣੀ ਭਵਨ ਵਿੱਚ ਪ੍ਰਾਪਤ ਹੋ ਗਈ ਹੈ। ਇਸ ਨੇਕ ਕਾਰਜ ਲਈ ਸੈਣੀ ਭਵਨ ਦੇ ਪ੍ਰਬੰਧਕ ਇਸ ਟਰਸਟ ਦੇ ਅਹੁਦੇਦਾਰਾਂ ਅਤੇ ਵਿਸ਼ੇਸ਼ ਕਰਕੇ ਜਨਰਲ ਸਕੱਤਰ ਸ. ਸੀਤਲ ਸਿੰਘ ਸੈਣੀ (ਪਿੰਡ ਲਸਾੜਾ ਹੁਣ ਵਾਸੀ ਲੁਧਿਆਣਾ) ਦੇ ਬਹੁਤ ਸ਼ੁਕਰਗੁਜ਼ਾਰ ਹਨ।

ਵਿਦੇਸ਼ ਯਾਤਰਾ



ਮਹਾਰਾਣੀ ਵਿਕਟੋਰੀਆ ਦਾ ਐਸਬੋਰਨ ਮਹਿਲ (ਇਸਲੇ ਆਫ ਵਾਈਟ)

ਡਾ. ਜਸਵੰਤ ਕੌਰ ਸੈਣੀ
ਰੂਪਨਗਰ

ਇੰਗਲੈਂਡ ਕੁਦਰਤੀ ਸੁੰਦਰਤਾ ਦਾ ਨਾਯਾਬ ਖਜ਼ਾਨਾ ਹੈ। ਇੰਗਲੈਂਡ ਦਾ ਟਾਪੂ ਇਜ਼ਲੇ ਆਫ ਵਾਈਟ ਇੱਕ ਸੁੰਦਰ ਕੁਦਰਤੀ ਟਾਪੂ ਹੈ ਜਿਸਨੂੰ ਦੇਖਣ ਦਾ ਮੌਕਾ ਇਸ ਸਾਲ ਮਈ-ਜੂਨ ਵਿੱਚ ਮਿਲਿਆ। ਮੇਰਾ ਬੇਟਾ ਇੰਗਲੈਂਡ ਵਿੱਚ ਇਰਿਕਸਨ ਕੰਪਨੀ ਵਿੱਚ ਸਰਵਿਸ ਕਰਦਾ ਹੈ। ਉਹ ਇਸ ਕੰਪਨੀ ਦੇ ਹੈੱਡ ਆਫਿਸ, ਰੈਡਿੰਗ ਸ਼ਹਿਰ ਵਿੱਚ ਰਹਿੰਦਾ ਹੈ। ਇਸ ਟਾਪੂ 'ਤੇ ਇੰਗਲੈਂਡ ਦੀ ਪਹਿਲੀ ਮਹਾਰਾਣੀ, ਵਿਕਟੋਰੀਆ ਨੇ ਆਪਣੇ ਰਹਿਣ ਲਈ ਮਹਿਲ (ਐਸਬੋਰਨ) ਖਰੀਦਿਆ। ਉਜ਼ ਤਾਂ ਉਸ ਕੋਲ ਐਸਬੋਰਨ ਮਹਿਲ ਤੋਂ ਇਲਾਵਾ ਤਿੰਨ ਮਹਿਲ ਹੋਰ ਸਨ ਜਿਨ੍ਹਾਂ ਤੋਂ ਉਹ ਆਪਣਾ ਰਾਜ ਪ੍ਰਬੰਧ ਦੇਖਦੀ ਸੀ। ਦੂਜੇ ਮਹਿਲਾਂ ਤੋਂ ਇਸਲੇ ਆਫ਼ ਵਾਈਟ ਤੱਕ ਪਹੁੰਚਣ ਲਈ ਰੇਲ ਰਾਹੀ ਚਾਰ ਘੰਟੇ ਲਗਦੇ ਸਨ ਪਰੰਤੂ ਮਹਾਰਾਣੀ ਵਿਕਟੋਰੀਆ ਨੇ ਪ੍ਰਿੰਸ ਚਾਰਲਸ ਨਾਲ ਵਿਆਹ ਕਰਨ ਤੋਂ ਬਾਅਦ 1845 ਵਿੱਚ ਔਸਬੋਰਨ ਇਸਟੇਟ ਖਰੀਦੀ। ਇੱਥੇ ਉਸ ਨੇ ਆਪਣਾ ਪ੍ਰਾਈਵੇਟ, ਅਟੰਕ ਘਰ ਬਣਾਇਆ ਤਾਂ ਕਿ ਉਹ ਕੋਰਟ ਦੀ ਰੁਝੇਵਿਆਂ ਭਰੀ ਜਿੰਦਗੀ ਤੋਂ ਦੂਰ ਨਿਜੀ ਜੀਵਨ ਬਿਤਾ ਸਕੇ।

ਮਹਾਰਾਣੀ ਨੂੰ ਇਹੀ ਪੈਲੇਸ ਬਹੁਤ ਪਸੰਦ ਆਇਆ। ਇਸਨੂੰ ਉਸਨੇ ਆਪਣੀ ਪ੍ਰਿਵੀਪਰਸ ਦੀ ਰਾਸ਼ੀ ਨਾਲ 28000 ਪੌਂਡ ਵਿੱਚ ਖਰੀਦਿਆ। ਇਹ ਬਹੁਤ ਪੁਰਾਣਾ ਬਣਿਆ ਹੋਇਆ ਸੀ। ਮਹਾਰਾਣੀ ਅਤੇ ਪ੍ਰਿੰਸ ਚਾਰਲਿਸ ਨੇ ਇਟਾਲੀਅਨ ਤਰੀਕੇ ਨਾਲ ਇਸਨੂੰ ਦੁਬਾਰਾ ਬਣਾਇਆ ਅਤੇ ਸਜਾਇਆ। ਮਹਾਰਾਣੀ ਨੂੰ ਇਹ ਥਾਂ ਬਹੁਤ ਜ਼ਿਆਦਾ ਪੰਸਦ ਆਈ। ਸਮੁੰਦਰ ਦਾ ਕਿਨਾਰਾ, ਬੀਚ, ਕੁਦਰਤੀ, ਨਜ਼ਾਰੇ ਬਹੁਤ ਹੀ ਨੇੜਿਓ ਤੱਕੇ ਜਾ ਸਕਦੇ ਸਨ। ਪੈਲੇਸ ਨੂੰ ਨਵੇਂ ਤਰੀਕੇ ਨਾਲ ਰੰਗ-ਰੋਗਨ ਆਦਿ ਕਰਵਾ ਕੇ ਨਵਿਆਇਆ ਗਿਆ। ਸੰਨ 1946 ਵਿੱਚ ਸ਼ਾਹੀ ਪਰਿਵਾਰ ਇੱਥੇ ਰਹਿਣ ਲੱਗ ਪਿਆ। ਇਸ ਅੰਦਰਲਾ ਲੱਕੜੀ ਦਾ ਕੰਮ ਪ੍ਰਸਿੱਧ ਭਾਰਤੀ ਕਾਰੀਗਰ ਸ.ਰਾਮ ਸਿੰਘ ਨੇ ਕੀਤਾ। ਬਾਕੀ ਸਜ਼ਾਵਟ ਪ੍ਰਿੰਸ ਚਾਰਲਿਸ ਨੇ ਇਟਾਲੀਅਨ ਡਿਜ਼ਾਈਨ ਦੀ ਕਰਵਾਈ। 1852 ਵਿੱਚ ਮਹਾਰਾਣੀ ਵਿਕਟੋਰੀਆ ਨੇ ਗਰਮੀਆਂ ਵਿੱਚ ਲਿਖਿਆ, "ਸ਼ਾਂਤ ਨੀਲਾ ਸਾਗਰ, ਟਕੋਰ ਕਰਨ ਵਾਲੀ ਹਵਾ, ਸੁੰਦਰ ਬੀਚ, ਸਮੁੰਦਰ ਵਿੱਚ ਨਹਾਉਣ ਦਾ ਮਜ਼ਾ ਆਪਣਾ ਹੀ ਹੈ"। ਮਹਾਰਾਣੀ ਦੇ ਨਹਾਉਣ ਲਈ ਪਹੀਆਂ ਵਾਲੀ, ਪਰਦਿਆਂ ਵਾਲੀ ਬੱਘੀ ਸੀ ਜੋ ਸਮੁੰਦਰ ਕਿਨਾਰੇ ਖੜ੍ਹੀ ਕੀਤੀ ਜਾ ਸਕਦੀ ਸੀ।

ਪੈਲੇਸ ਦਾ ਇਟਾਲਵੀ ਨਮੂਨਾ ਐਸਬੋਰਨ ਨਮੂਨੇ ਦੇ ਤੌਰ ਤੇ ਪ੍ਰਸਿੱਧ ਹੋ ਗਿਆ। ਸਾਰੇ ਕਮਰੇ ਵਧੀਆ ਡਿਜ਼ਾਈਨ ਵਾਲੇ ਫਰਨੀਚਰ ਨਾਲ ਸਜਾਏ ਗਏ। ਮਹਾਰਾਣੀ ਵਿਕਟੋਰੀਆ ਅਤੇ ਪ੍ਰਿੰਸ ਚਾਰਲਸ ਦੇ ਸ਼ੌਕ ਦੇ ਹਿਸਾਬ ਦੇ ਪਰਦੇ, ਸ਼ੀਸ਼ੇ ਆਦਿ ਅਨੋਖੇ ਸਨ। ਮਹਾਰਾਣੀ ਇਸ ਮਹਿਲ ਵਿੱਚ 50 ਸਾਲ ਰਹੀ। ਇੱਥੇ ਹੀ ਉਸਦੇ ਨੌ ਬੱਚੇ ਹੋਏ। ਬੱਚਿਆਂ ਲਈ ਮੀਲ ਕੁ ਦੀ ਵਿੱਥ 'ਤੇ ਪ੍ਰਿੰਸ ਨੇ ਉਨ੍ਹਾ ਦੀਆਂ ਲੋੜਾਂ ਅਨੁਸਾਰ ਲਕੜੀ ਦੀਆਂ ਝੌਪੜੀਆਂ (ਸਵਿੱਸ ਕੌਟੇਜ) ਬਣਵਾਈਆਂ।

ਇਸੇ ਮਹਿਲ ਵਿੱਚ ਹੀ ਮਹਾਰਾਣੀ ਬਾਹਰਲੇ ਮੁਲਕਾਂ ਦੇ ਰਾਜਿਆਂ, ਮੰਤਰੀਆਂ ਅਤੇ ਆਪਣੇ ਦਫ਼ਤਰ ਦੇ ਬੰਦਿਆਂ ਨੂੰ ਵੀ ਮਿਲਦੀ ਸੀ। ਸਮੇਂ ਸਮੇਂ ਦੂਜੀਆਂ ਥਾਵਾਂ 'ਤੇ ਵੀ ਦਫ਼ਤਰੀ ਕੰਮ ਹੁੰਦੇ ਪਰ ਵਧੇਰੇ ਕਰਕੇ ਐਸਬੋਰਨ ਵਿੱਚ ਹੀ ਪਰਿਵਾਰ ਦੀ ਲੰਮੀ ਠਹਿਰ ਹੁੰਦੀ। ਕਰਿਸਮਿਸ ਹੀ ਲੰਡਨ ਵਿੱਚ ਮਨਾਈ ਜਾਂਦੀ। ਕੁਦਰਤੀ ਆਕਰਸ਼ਣ ਲਈ ਮਹਿਲ ਦੇ ਦੁਆਲੇ ਵੱਡੇ ਵੱਡੇ ਬਾਗ, ਲਾਅਨ ਅਤੇ ਤਰਾਸ਼ੇ ਹੋਏ ਘਾਹ ਤੇ ਵੇਲਾਂ ਬੂਟੇ ਵੀ ਸਨ। ਮਹਿਲ ਵਿੱਚ ਵਾਧਾ ਕਰਨ ਲਈ ਦੁਆਲੇ ਦੀ 2000 ਏਕੜ ਜ਼ਮੀਨ ਲੈ ਕੇ ਸਾਰੀਆਂ ਲੋੜਾਂ ਪੂਰੀਆਂ ਕਰਨ ਦੀ ਗੁੰਜਾਇਸ਼ ਬਣ ਗਈ ਸੀ। ਘਰੇਲੂ ਬਗੀਚਾ ਅਤੇ ਖੇਡ ਦਾ ਮੈਦਾਨ ਬਣਾਉਣ ਲਈ ਵੈਨਚੈਸਟਰ ਕਾਲਜ ਤੋਂ 500 ਏਕੜ ਨਾਲ ਲਗਦੀ ਥਾਂ ਹੋਰ ਖਰੀਦ ਲਈ ਗਈ। ਇਸ ਨਾਲ ਸੈਰ ਕਰਨ ਲਈ ਖੁਲ੍ਹੀਆਂ ਥਾਵਾਂ ਅਤੇ ਮਹੱਲ ਦੀ ਗੁਪਤਤਾ ਲਈ ਟੇਢੇ ਮੇਢੇ ਰਸਤੇ ਬਣਾਏ ਗਏ।



ਐਨੇ ਵੱਡੇ ਪਰਿਵਾਰ ਅਤੇ ਹੋਰ ਕੰਮ ਦੀ ਦੇਖ-ਭਾਲ ਲਈ ਭੋਰਿਆਂ ਵਿੱਚ ਥਾਂ ਬਣਾਈ ਗਈ ਤਾਂ ਕਿ ਘਰੇਲੂ ਕਾਮੇ ਉੱਥੇ ਰਹਿ ਕੇ ਸਾਂਭ ਸੰਭਾਲ ਕਰਨ। ਘਰੇਲੂ ਕੰਮ-ਕਾਜ ਲਈ ਜਾਹਨ ਬਰਾਊਨ ਮੁਖੀ ਸੀ ਅਤੇ ਹੋਰ ਉਸ ਦੇ ਅਧੀਨ ਕੰਮ ਕਰਦੇ ਸਨ। ਹੈਟਰੀ ਪੌਨਸੌਨਬੀ ਮਹਾਰਾਣੀ ਦਾ ਨਿੱਜੀ ਸਕੱਤਰ ਸੀ। ਭਾਰਤ ਦਾ ਅਬਦੁੱਲ ਕਰੀਮ ਰਾਣੀ ਦਾ ਭਾਰਤੀ ਸਕੱਤਰ ਸੀ ਜੋ 1880 ਤੱਕ ਉਸ ਦੇ ਨਾਲ ਰਿਹਾ।

ਸੰਨ 1861 ਈ. ਵਿੱਚ ਪ੍ਰਿੰਸ ਐਲਬਰਟ ਦੀ ਮ੍ਰਿਤੂ ਤੋਂ ਬਾਅਦ ਮਹਾਰਾਣੀ ਇਕੱਲਤਾ ਮਹਿਸੂਸ ਕਰਨ ਲੱਗ ਪਈ। ਭਾਵੇਂ ਸਭ ਕੁਝ ਪ੍ਰਿੰਸ ਦੀ ਇੱਛਾ ਵਰਗਾ ਹੀ ਹੋ ਰਿਹਾ ਸੀ ਪਰ ਮਹੱਲ ਵਿੱਚ ਕੁਝ ਤਬਦੀਲੀਆਂ ਕਰਵਾਈਆਂ ਗਈਆਂ। 1890 ਈ. ਵਿੱਚ ਭਾਰਤੀ ਸਜਾਵਟ ਦੀਆਂ ਵਸਤਾਂ ਦੀ ਅਲੱਗ ਗੈਲਰੀ ਬਣਾਈ ਗਈ। ਇਹ ਐਨੀ ਸੁੰਦਰ ਸੀ ਕਿ ਮਹਾਰਾਣੀ ਨੂੰ 'ਭਾਰਤ ਦੀ ਮਹਾਰਾਣੀ' ਕਿਹਾ ਜਾਣ ਲੱਗਾ।

ਬਾਕੀ ਸਫਾ 17 'ਤੇ.....

ਹੱਡਬੀਤੀ



ਲਾਵਾਰਿਸ

ਮਨਜੀਤ ਸਿੰਘ ਤੰਬੜ
ਪੰਜੋੜ (ਹੁਸ਼ਿਆਰਪੁਰ)

ਰੇਲ ਗੱਡੀ ਅਗਨੀ ਬਾਣ ਦੀ ਤਰਾਂ ਸਾਹਮਣੇ ਆਉਣ ਵਾਲੇ ਰਾਤ ਦੇ ਹਨੇਰੇ ਨੂੰ ਦੋ ਫਾੜ ਕਰਦੀ ਤੇਜੀ ਨਾਲ ਅੱਗੇ ਵਧੀ ਜਾ ਰਹੀ ਸੀ। ਗੱਡੀ ਦੇ ਥੱਲੇ ਆਉਣ ਵਾਲੇ ਪਟੜੀ ਦੇ ਗਾਡਰਾਂ ਦੀ ਕੁਰਲਾਹਟ ਤੋਂ ਬਿਨਾਂ ਸਭ ਕੁੱਝ ਸ਼ਾਂਤ ਸੀ। ਬਾਹਰ ਘੁੱਪ ਹਨੇਰਾ ਸੀ। ਰਾਤ ਦਾ ਇੱਕ ਵੱਜ ਚੁੱਕਾ ਸੀ। ਅਚਾਨਕ ਗੱਡੀ ਚਿਰ..ਰਰ ਕਰਕੇ ਰੁੱਕ ਗਈ। ਮੈਂ ਖਿੜਕੀ ਤੋਂ ਬਾਹਰ ਦੇਖਿਆ। ਕੁੱਝ ਦੂਰੀ ਤੇ ਬਿਜਲੀ ਦੀਆਂ ਵੱਡੀਆਂ ਵੱਡੀਆਂ ਲਾਈਟਾਂ ਦਿਸ ਰਹੀਆਂ ਸਨ। ਸ਼ਾਇਦ ਕਿਸੇ ਸਟੇਸ਼ਨ ਦਾ ਆਉਟਰ ਸੀ। ਮੈਂ ਨਾਲ ਵਾਲ਼ੀ ਸਵਾਰੀ ਨੂੰ ਪੁਛਿਆ, "ਬਾਈ ਸਾਹਿਬ ਕੋਨਸਾ ਸਟੇਸ਼ਨ ਹੈ?" "ਸ਼ਾਇਦ ਤੇਲਤਾ ਕੇ ਆਉਟਰ ਪਰ ਹੋਗੀ"। ਉਸ ਦਾ ਅੱਗੋਂ ਜਵਾਬ ਸੀ। ਤੇਲਤਾ ਦਾ ਨਾਮ ਸੁਣਦਿਆਂ ਹੀ ਮੇਰਾ ਇੱਕ ਦਮ ਸਰੀਰ ਕੰਬਣ ਲੱਗਾ। ਇਸੇ ਤੇਲਤਾ ਸਟੇਸ਼ਨ ਉੱਤੇ ਅਸੀਂ ਆਪਣੇ ਸਾਥੀ ਗੁਰਬਚਨ ਦੀ ਐਕਸੀਡੈਂਟ ਨਾਲ ਹੋਈ ਮੌਤ ਦੀ ਇਨਕੁਆਰੀ ਵਾਸਤੇ ਆਏ ਸਾਂ। ਮੈਂ ਬਾਹਰ ਦੂਰ ਤੱਕ ਨਿਗ੍ਹਾ ਦੁੜਾਉਣ ਦੀ ਕੋਸ਼ਿਸ਼ ਕੀਤੀ। ਸਟੇਸ਼ਨ ਦੀਆਂ ਲਾਇਟਾਂ ਤੋਂ ਬਗੈਰ ਕੁੱਝ ਵੀ ਦਿਖਾਈ ਨਾ ਦਿੱਤਾ।

ਅਸੀਂ ਸਭ ਤੋਂ ਪਹਿਲਾਂ ਕਿਸ਼ਨਗੰਜ ਰੇਲਵੇ ਸਟੇਸ਼ਨ 'ਤੇ ਰੇਲਵੇ ਪੁਲਿਸ ਨੂੰ ਮਿਲ ਕੇ ਐਕਸੀਡੈਂਟ ਬਾਰੇ ਜਾਣਕਾਰੀ ਲੈਣੀ ਹੀ ਠੀਕ ਸਮਝੀ। ਸਬੱਬ ਨਾਲ ਉੱਥੇ ਡਿਉਟੀ ਤੇ ਬੈਠੇ ਕੰਸਟੇਬਲ ਸਰਦਾਰ ਜੀ ਹੀ ਮਿਲ ਗਏ। ਉਥੋਂ ਪਤਾ ਲੱਗਾ ਕਿ ਇੱਹ ਘਟਨਾਂ ਅਠਾਰਾਂ-ਉੱਨੀ ਦੀ ਵਿੱਚਕਾਰਲੀ ਰਾਤ ਦੀ ਹੈ। ਉਹਨਾ ਸਾਨੂੰ ਇਹ ਵੀ ਦੱਸਿਆ ਕਿ ਕਿਸ਼ਨਗੰਜ ਤੋਂ ਪਿੱਛੇ ਰੇਲ ਰਾਹੀਂ ਕੋਈ ਅੱਧਾ ਕੁ ਘੰਟਾ ਪਹਿਲਾਂ ਤੇਲਤਾ ਨਾਮ ਦਾ ਛੋਟਾ ਜਿਹਾ ਰੇਲਵੇ ਸਟੇਸ਼ਨ ਆਉਂਦਾ ਹੈ। ਉਸ ਦੇ ਆਉਟਰ ਤੋਂ ਵੀ ਕੁੱਝ ਹੋਰ ਪਿੱਛੇ ਸਾਨੂੰ ਇੱਕ ਨਦੀ ਦੇ ਪੁਲ ਦੇ ਚੌਕੀਦਾਰ ਵਲੋਂ ਸਵੇਰੇ ਨੌ ਕੁ ਵਜੇ ਇਤਲਾਹ ਮਿਲੀ ਕਿ ਕਿਸੇ ਵਿਆਕਤੀ ਦੀ ਰਾਤ ਵਾਲੀਆਂ ਗੱਡੀਆਂ ਵਿੱਚੋਂ ਡਿਗ ਕੇ ਹੋਈ ਮੌਤ ਦੀ ਲਾਸ਼ ਰੇਲਵੇ ਲਾਇਨ ਦੇ ਨਾਲ ਬਿੱਖਰੀ ਪਈ ਹੈ। ਉੱਥੇ ਪਹੁੰਚੇ ਮੁਲਾਜ਼ਮਾਂ ਤੋਂ ਹੀ ਪਤਾ ਲੱਗਾ ਕਿ ਲਾਸ਼ ਦੀ ਹਾਲਤ ਬਹੁਤ ਖਰਾਬ ਸੀ। ਸਰੀਰ ਦੇ ਹਿੱਸੇ ਅਲੱਗ ਅਲੱਗ ਜਗ੍ਹਾ ਤੋਂ ਇਕੱਠੇ ਕਰਨੇ ਪਏ। ਲਾਸ਼ ਬਿਲਕੁੱਲ ਬੇਪਛਾਣ ਹੋ ਚੁੱਕੀ ਸੀ। ਕੱਪੜੇ ਲੱਗ ਭੱਗ ਫਟ ਗਏ ਸਨ। ਮੁਲਾਜ਼ਮਾਂ ਨੇ ਸਭ ਤੋਂ ਪਹਿਲਾਂ ਕੱਪੜਿਆਂ ਦੀ ਤਲਾਸ਼ੀ ਹੀ ਲਈ। ਉਨ੍ਹਾਂ ਵਿੱਚੋਂ ਸਿਰਫ ਇੱਕ ਪੰਜਾਬੀ ਵਿੱਚ ਲਿਖੀ ਹੋਈ ਜੇਬ੍ਹ-ਡਾਇਰੀ ਤੇ ਕਾਗਜ਼ ਦੇ ਦੋ ਤਿੰਨ ਫਟੇ ਹੋਏ ਟੁੱਕੜੇ ਹੀ ਮਿਲੇ ਸਨ ਜੋ ਖੂਨ ਨਾਲ ਭਿਜੇ ਹੋਣ ਕਰਕੇ ਪੜ੍ਹੇ ਨਹੀਂ ਜਾਂਦੇ ਸਨ। ਡਿਉਟੀ ਕੰਸਟੇਬਲ ਨੇ ਆਪਣੇ ਦਰਾਜ ਵਿੱਚੋਂ ਕੱਢ ਕੇ ਉਹ ਡਾਇਰੀ ਸਾਡੇ ਅੱਗੇ ਰੱਖ ਦਿੱਤੀ। ਡਾਇਰੀ ਵੱਲ ਦੇਖ ਕੇ ਮੇਰੀਆਂ ਅੱਖਾਂ ਵਿੱਚ ਪਾਣੀ ਭਰ ਆਇਆ। ਮੈਂ ਡਾਇਰੀ ਪਹਿਚਾਣ ਲਈ ਸੀ। ਉਸ ਦੇ ਘਰੋਂ ਆਇਆ ਹੋਇਆ ਇਹ ਖੱਤ ਵੀ ਉਹੀ ਸੀ ਜਿਸ ਕਾਰਣ ਉਹ ਛੁੱਟੀ ਆਇਆ ਸੀ। ਉਸ ਦੀ ਮਾਂ ਸਖਤ ਬਿਮਾਰ ਸੀ। ਉਹ ਚਾਹੁੰਦੀ ਸੀ ਕਿ ਆਖਰੀ ਸਮੇਂ ਉਹ ਅਪਣੇ ਪੁੱਤਰ ਦਾ ਮੁੰਹ ਦੇਖ ਲਵੇ। ਗੁਰਬਚਨ ਮੇਰਾ ਅਜੀਜ਼ ਦੋਸਤ ਸੀ। ਪੰਜ ਸਾਲ ਇਕੱਠਿਆਂ ਨੇ ਗੁਜ਼ਾਰੇ ਸਨ। ਹਰ ਦੁਖ-ਸੁਖ ਦੀ ਗੱਲ ਹਮੇਸ਼ਾਂ ਸਾਂਝੀ ਕੀਤੀ ਸੀ।

ਮੈਂ ਪੁਛਿਆ, "ਕੀ ਉੱਹ ਫੌਜੀ ਵਰਦੀ ਵਿੱਚ ਸੀ"? "ਨਹੀਂ ,ਕੱਪੜੇ ਤਾਂ ਸਿਵਲ ਹੀ ਸਨ"। ਕੰਸਟੇਬਲ ਦਾ ਉੱਤਰ ਵਿਸ਼ਵਾਸਯੋਗ ਸੀ ਕਿਉਂਕਿ ਗੁਰਬਚਨ ਛੁੱਟੀ ਜਾਣ ਵੇਲੇ ਕਦੀ ਵੀ ਵਰਦੀ ਨਹੀਂ ਪਾਉਂਦਾ ਸੀ।

"ਉਸ ਦਾ ਪੋਸਟਮਾਰਟਮ ਕਿੱਥੋਂ ਕਰਵਾਇਆ? ਉਹ ਸਾਡਾ ਜਵਾਨ ਸੀ। ਸਾਨੂੰ ਉਸ ਦੀ ਪੋਸਟਮਾਰਟਮ ਰਿਪੋਰਟ ਚਾਹੀਦੀ ਹੈ"। ਕੈਪਟਨ ਗਿਲ ਨੇ ਕੰਨਸਟੇਬਲ ਨੂੰ ਸਪੱਸ਼ਟ ਕਰਦਿਆਂ ਕਿਹਾ।

"ਸਰ ਪੋਸਟਮਾਰਟਮ ਤਾਂ ਇੱਥੋਂ ਦੇ ਸਿਵਲ ਹਸਪਤਾਲ ਤੋਂ ਹੀ ਕਰਵਾਇਆ ਹੈ। ਮੈਂਨੂੰ ਤੁਹਾਡੇ ਨਾਲ ਪੂਰੀ ਹਮਦਰਦੀ ਹੈ ਤੇ ਦੁੱਖ ਵੀ, ਉਹ ਸਿਰਫ ਤੁਹਾਡਾ ਹੀ ਜਵਾਨ ਨਹੀਂ ਸੀ। ਉਹ ਦੇਸ਼ ਦਾ ਸਿਪਾਹੀ ਵੀ ਸੀ। ਜਿੰਨੀ ਵੀ ਸਾਡੇ ਪਾਸੋਂ ਸੰਭਵ ਮੱਦਦ ਹੋ ਸਕੇਗੀ ਅਸੀਂ ਕਰਾਂਗੇ। ਇੱਹ ਸਾਡਾ ਫਰਜ਼ ਬਣਦਾ ਹੈ। ਪਰ ਰਿਪੋਰਟ ਤਾਂ ਕੱਲ੍ਹ ਨੌਂ ਵਜੇ ਦਰੋਗਾ ਸਾਹਿਬ ਦੇ ਆਉਣ ਤੇ ਹੀ ਮਿਲੇਗੀ। ਉਹ ਕੁੱਝ ਜਰੂਰੀ ਕੰਮ ਤੇ ਬਾਹਰ ਗਏ ਹੋਏ ਹਨ। ਤੁਸੀਂ ਗੈਸਟ ਰੂਮ ਵਿੱਚ ਆਰਾਮ ਕਰੋ। ਮੈਂ ਬੰਦੋਬਸਤ ਕਰਵਾ ਦਿੰਦਾ ਹਾਂ"

ਅਸੀਂ ਹੋਰ ਇੰਤਜ਼ਾਰ ਕੀਤੇ ਬਗੈਰ ਹਸਪਤਾਲ ਚਲੇ ਗਏ। ਪਰ ਉੱਥੇ ਜਾ ਕੇ ਵੀ ਸਾਡੇ ਪੱਲੇ ਕੁੱਝ ਨਹੀਂ ਪਿਆ। ਡਿਉਟੀ ਡਾਕਟਰ ਉੱਥੇ ਹਾਜ਼ਰ ਨਹੀਂ ਸੀ। ਪੂਰੇ ਹਸਪਤਾਲ ਵਿੱਚ ਸਿਰਫ ਇੱਕ ਨਰਸਿੰਗ ਅਸਿਸਟੈਟ ਕੁਰਸੀ ਉੱਤੇ ਬੈਠਾ ਊਂਘ ਰਿਹਾ ਸੀ। ਮੈਂ ਉਸ ਨੂੰ ਸਿਰ ਤੋਂ ਝੰਜੋੜ ਕੇ ਕਿਹਾ, "ਹਮ ਆਰਮੀ ਕੇ ਹੈਂ, ਉਠੋ ਆਪ ਸੇ ਕੁੱਛ ਪੂਛਨਾ ਹੈ"। ਆਰਮੀ ਦਾ ਨਾਮ ਸੁਣ ਕੇ ਉਸ ਨੇ ਝੱਟਪੱਟ ਅੱਖਾਂ ਖੋਲ੍ਹਦੇ ਹੋਏ ਕਿਹਾ, "ਬਤਾਓ ਕਿਸ ਮਰੀਜ਼ ਸੇ ਮਿਲਨਾ ਹੈ। ਜਹਾਂ ਪਰ ਤੋ ਆਰਮੀ ਕਾ ਕੋਈ ਮਰੀਜ਼ ਨਹੀਂ"। "ਹਮ ਕਿਸੀ ਮਰੀਜ਼ ਸੇ ਮਿਲਨੇ ਨਹੀਂ ਆਏ। ਹਮ ਤੋ ਜੋ ਉੱਨੀਸ ਤਾਰੀਖ ਕੋ ਤੇਲਤਾ ਰੇਲਵੇ ਸਟੇਸ਼ਨ ਕੇ ਪਾਸ ਰੇਲਵੇ ਦੁਰਘਟਨਾ ਹੁਈ ਥੀ, ਉਸ ਕਾ ਪੋਸਟਮਾਰਟਮ ਆਪ ਕੇ ਹੋਸਪੀਟਲ ਮੇਂ ਹੁਆ ਥਾ। ਉਸ ਕੀ ਡੈਡ ਬਾਡੀ ਕੇ ਬਾਰੇ ਪਤਾ

ਕਰਨਾ ਹੈ"। ਉਸ ਨੇ ਆਪਣਾ ਰਜਿਸਟਰ ਕੱਢ ਕੇ ਦੱਸਿਆ ਕਿ ਉਸ ਦੀ ਡੈਡ ਬਾਡੀ ਅਤੇ ਰਿਪੋਰਟ ਕਿਸ਼ਨਗੰਜ ਥਾਨਾ ਪੁਲਿਸ ਨੂੰ ਭੇਜ ਦਿੱਤੀ ਗਈ ਸੀ।

ਕਿਸ਼ਨਗੰਜ ਥਾਨਾ ਪੁਲਿਸ ਦੇ ਇੰਚਾਰਜ ਤੋਂ ਪਤਾ ਲੱਗਾ ਕਿ ਲਾਸ਼ ਲਾਵਾਰਸ ਸੀ। ਉੱਨੀ ਤੋਂ ਪੱਚੀ ਤੱਕ ਏਧਰ ਓਧਰ ਪੁੱਛ-ਗਿਛ ਕੀਤੀ, ਜਦੋਂ ਕੋਈ ਥਹੁ ਸਿਰ ਨਾ ਲੱਗਾ ਤੇ ਨਾ ਹੀ ਉਸ ਦੇ ਕਿਸੇ ਵਾਰਸ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਤਾਂ ਅਗਲੇ ਦਿਨ ਉਸ ਬਾਡੀ ਦਾ ਲਾਵਾਰਸ ਲਿਖ ਕੇ ਸੰਸਕਾਰ ਕਰ ਦਿੱਤਾ ਗਿਆ ਸੀ।"ਔਰ ਸਭੀ ਕਾਗਜਾਤ ਰੇਲਵੇ ਪੁਲਿਸ ਕੋ ਦੇ ਦੀਏ ਗਏ",ਇੰਚਾਰਜ ਨੇ ਕਿਹਾ।

ਪੁਲਿਸ ਥਾਨਾ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੀ ਸੀ।ਅਸੀਂ ਸਾਰੇ ਘੁੰਮ ਕੇ ਕੋਈ ਨੌਂ ਕੁ ਵਜੇ ਫਿਰ ਸਟੇਸ਼ਨ ਪਹੁੰਚ ਗਏ ਅਤੇ ਐਸ. ਆਈ. ਸਾਹਿਬ ਨੂੰ ਮਿਲੇ। ਕੋਈ ਅੱਧੇ ਘੰਟੇ ਦੇ ਅੰਦਰ-ਅੰਦਰ ਹੀ ਉਨ੍ਹਾਂ ਨੇ ਸਾਨੂੰ ਪੋਸਟਮਾਰਟਮ ਦੀ ਰਿਪੋਰਟ ਅਤੇ ਐਫ.ਆਈ.ਆਰ ਸਮੇਤ ਕੁੱਝ ਹੋਰ ਕਾਗਜ਼ਾਂ ਦੀਆਂ ਕਾਪੀਆਂ ਦੇ ਦਿੱਤੀ।

"ਪਰ ਉਸ ਦੀਆਂ ਅਸਥੀਆਂ...."।ਮੈਂ ਹਾਲੇ ਇੰਨਾ ਹੀ ਕਿਹਾ ਸੀ ਕਿ ਥਾਨਾ-ਇੰਚਾਰਜ ਨੇ ਪਹਿਲਾਂ ਹੀ ਆਖ ਦਿੱਤਾ। "ਅਸਥੀਆਂ! ਅਸਥੀਆਂ ਕਾ ਹਮ ਕਿਆ ਕਰੇਂਗੇ।ਲਾਵਾਰਸ ਲਾਸ਼ ਕੋ ਜਲਾਨੇ ਕੇ ਬਾਦ ਬੋ ਲੋਗ ਰਾਖ ਕੋ ਪਾਸ ਵਾਲੀ ਨਦੀ ਮੇਂ ਫੈਂਕ ਦੇਤੇ ਹੈਂ"। ਮੈਂ ਉੱਥੇ ਖੜ੍ਹਾ ਹੀ ਫੁੱਟ-ਫੁੱਟ ਕੇ ਰੋ ਪਿਆ। ਗੁਰਬਚਨ ਤਾਂ ਪੂਰੇ ਦੇਸ਼ ਦਾ ਵਾਰਸ ਸੀ, ਜੋ ਦੇਸ਼ ਲਈ ਉਹ ਆਪਣੀ ਜਾਨ ਤੱਕ ਦੇਣ ਨੂੰ ਤਿਆਰ ਸੀ.....।ਜਿਸ ਧਰਤੀ ਮਾਂ ਖਾਤਰ ਆਪਣੀ ਜਨਮ ਦੇਣ ਵਾਲੀ ਬਿਮਾਰ ਮਾਂ ਦੀ ਪ੍ਰਵਾਹ ਨੀ ਕੀਤੀ।ਉਸੇ ਧਰਤੀ ਮਾਤਾ ਦੇ ਪੁੱਤਰਾਂ ਨੇ ਉਸ ਨੂੰ ਲਾਵਾਰਸ ਕਿਵੇਂ ਬਣਾ ਦਿੱਤਾ?

ਮੈ ਤਰਲਾ ਮਾਰਿਆ, "ਦਰੋਗਾ ਸਾਹਿਬ, ਜੇ ਤੁਹਾਡੇ ਪਾਸ ਉਸ ਦੀਆਂ ਅਸਥੀਆਂ ਨਹੀਂ ਤਾਂ ਮੈਨੂੰ ਉਸ ਦੇ ਸੰਸਕਾਰ ਵਾਲੀ ਜਗ੍ਹਾ ਈ ਦਿਖਾ ਦੇਵੋ ਤਾਂ ਜੋ ਮੈਂ ਦੋ ਮੁੱਠਾਂ ਉਸ ਦੀ ਰਾਖ ਦੀਆਂ ਹੀ ਲੈ ਆਵਾਂ।ਉਸ ਨਾਲ ਕੀਤਾ ਕੋਈ ਤਾਂ ਇਕਰਾਰ ਪੂਰਾ ਕਰਾਂ"।

"ਹੌਲਦਾਰ ਸਾਹਿਬ ਵਹਾਂ ਜਾ ਕਰ ਕਿਆ ਕਰੋਗੇ। ਬਾਰਸ਼ ਕੇ ਦਿਨੋ ਮੇਂ ਰਾਖ ਵੀ ਕਹਾਂ ਰਹਤੀ ਹੈ।ਸਭ ਪਾਨੀ ਕੇ ਸਾਥ ਬਹਿ ਜਾਤੀ ਹੈ", ਦਰੋਗੇ ਨੇ ਮਾਯੂਸੀ ਨਾਲ ਕਿਹਾ।

" ਓਏ ਗੁਰਬਚਨ! ਤੇਰਾ ਕੁੱਝ ਨਹੀਂ ਬਚਿਆ ਮੇਰੇ ਪਾਸ,ਤੇਰੇ ਨਾਲ ਕੀਤੇ ਕੌਲ ਕਰਾਰ ਸਭ ਝੂਠੇ ਹੋ ਗਏ।ਮੈਂ ਬੇਵੱਸ ਹਾਂ।ਮੈਂ ਕੀ ਕਰਾਂ"।ਮੈਂ ਦੋਨੋ ਹੱਥ ਆਪਣੇ ਕੰਨਾਂ ਉੱਤੇ ਰੱਖ ਲਏ।ਉਥੇ ਕੋਲ ਹੀ ਪਏ ਇਕ ਬੈਂਚ ਉੱਤੇ ਮੈਂ ਕਿੰਨਾਂ ਚਿਰ ਬੈਠਾ ਝੁਰਦਾ ਰਿਹਾ।

ਉਸ ਦੇ ਉਹ ਬੋਲ ਮੇਰੇ ਕੰਨਾਂ ਵਿੱਚ ਇੱਕ ਇੱਕ ਕਰਕੇ ਗੂੰਜ ਰਹੇ ਸਨ।ਦਿਸੰਬਰ ਮਹੀਂਨੇ ਦੀ ਉਹ ਰਾਤ ਜਦੋ ਅਸੀਂ ਚੀਨ ਦੀ ਸਰਹੱਦ ਦੇ ਬਿਲਕੁੱਲ ਫਰੰਟ ਵਾਲੀ ਪੋਸਟ ਉੱਤੇ ਦੋਨੋ ਇੱਕ ਮੋਰਚਾ ਸੰਭਾਲੀ ਬੈਠੇ ਸੀ।ਚੀਨ ਦੀਆਂ ਗੰਨਾਂ ਨੇ ਅਚਾਨਕ ਸਾਡੀ ਕੰਪਨੀ ਦੀ ਲੁਕੇਸ਼ਨ ਉੱਤੇ ਅੰਨੇ ਵਾਹ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ।ਸਾਡੇ ਜਿੰਦਾ ਬਚਣ ਦੀ ਕੋਈ ਆਸ ਨਹੀਂ ਸੀ।.... ਅਸੀਂ ਰਾਤ ਭਰ ਆਪਣੇ ਮੋਰਚਿਆਂ ਚ ਡਟੇ ਰਹੇ।

ਗੁਰਬਚਨ ਨੇ ਮੇਰੇ ਲਾਗੇ ਹੁੰਦੇ ਹੋਏ ਆਖਿਆ, "ਮਨਜੀਤ ਜੇ ਏਥੇ ਈ ਮਾਰੇ ਗਏ,ਤਾਂ ਮੋਰਚੇ ਵਿਚੋਂ ਵੀ ਕਿਸੇ ਨੇ ਬਾਹਰ ਨਹੀਂ ਕੱਢਣਾ।ਉੱਲਟਾ ਸਾਲੇ ਚੀਨੀ ਮਰਿਆਂ ਨੂੰ ਵੀ ਆਪਣੇ ਬਿਨਟਾਂ ਨਾਲ ਪਾੜੀ ਜਾਣਗੇ"।

"ਕੀ ਹੋਇਆ ਡਰ ਗਿਆਂ ਮਰਨੇ ਤੋਂ?ਦੇਸ਼ ਦਾ ਜਵਾਨ ਕਦੀ ਮਰਦਾ ਨਹੀਂ ਸ਼ਹੀਦ ਹੁੰਦਾ ਹੈ"। ਮੈਂ ਉਸ ਦਾ ਕਮਾਂਡਰ ਹੋਣ ਕਰਕੇ ਉਸ ਨੂੰ ਤਾਹਨਾ ਜਿਹਾ ਮਾਰਿਆ।

"ਨਹੀਂ ਮਰਨੇ ਤੋਂ ਨੀ ਡਰਦਾ। ਦੇਸ਼ ਦੀ ਆਨ ਬਚਾਉਣ ਖਾਤਰ ਮਰਨੇ ਲਈ ਤਾਂ ਤਿਆਰ ਹਾਂ। ਹੋਰ ਭਰਤੀ ਕਾਹਦੇ ਲਈ ਹੋਏ ਆਂ।ਪਰ ਆਹ ਕੱਲ੍ਹ ਘਰੋਂ ਚਿੱਠੀ ਆਈ ਹੈ।ਮਾਂ ਸਖਤ ਬਿਮਾਰ ਹੈ। ਠੀਕ ਹੋਣ ਦੀ ਕੋਈ ਆਸ ਨਹੀਂ।ਉਹ ਮੈਨੂੰ ਦੇਖਣਾ ਚਾਹੁੰਦੀ ਹੈ।ਕਿਸੇ ਨੇ ਲਿਖਿਆ ਹੈ ਆਪਣੀ ਮਾਂ ਦੇ ਆਖਰੀ ਸਮੇਂ ਆ ਕੇ ਮੂੰਹ ਦੇਖ ਜਾ।ਮੇਰੀ ਮੌਤ ਸੁਣ ਕੇ ਤਾਂ ਜੇ ਉਸ ਨੇ ਜੇ ਕੁੱਛ ਸਮਾਂ ਬਚਣਾ ਹੋਇਆ ਤਾਂ ਵੀ ਨਹੀਂ ਬਚਣਾ। ਇੱਕ ਮਾਂ ਬਿਮਾਰੀ ਨਾਲ ਮਰਨ ਵੇਲੇ ਆਪਣੇ ਪੁੱਤਰ ਦਾ ਮੂੰਹ ਦੇਖਣ ਲਈ ਤਰਸ ਰਹੀ ਹੈ, ਦੂਸਰੀ ਮਾਂ ਦੀ ਇੱਜ਼ਤ ਲੁੱਟਣ ਲਈ ਦੁਸ਼ਮਣ ਸੀਨਾ-ਜ਼ੋਰੀ ਕਰ ਰਿਹਾ ਹੈ।ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਕਰਾਂ"।

ਮੈਂ ਉਸ ਨੂੰ ਹੌਸਲਾ ਦਿੱਤਾ, "ਗੁਰਬਚਨ ਪ੍ਰਮਾਤਮਾਂ ਉੱਤੇ ਭਰੋਸਾ ਰੱਖ ਸਭ ਠੀਕ ਹੋ ਜਾਵੇਗਾ। ਜਨਮ ਦੇਣ ਵਾਲੀ ਮਾਂ ਦੀਆਂ ਛਾਤੀਆਂ ਵਿੱਚੋਂ ਪੀਤੇ ਦੁੱਧ ਦੀ ਸਹੀ ਕੀਮਤ ਤਾਂ ਹੀ ਅਦਾ ਹੋਵੇਗੀ ਜੇ ਅਸੀਂ ਦੁਸ਼ਮਣ ਨੂੰ ਭਾਰਤ ਮਾਂ ਦੀ ਹਿੱਕ ਉੱਤੇ ਪੈਰ ਨਾਂ ਰੱਖਣ ਦੇਈਏ"।ਅਸੀਂ ਹੀ ਇਸ ਦੇ ਵਾਰਸ ਹਾਂ"।

" ਜੀਉਂਦੇ ਜੀ ਤਾਂ ਰੱਖਣ ਨੀ ਦਿੰਦੇ,ਅੱਗੇ ਪਤਾ ਨਹੀਂ"।ਗੁਰਬਚਨ ਨੇ ਬੜੀ ਦਲੇਰੀ ਨਾਲ ਆਖਿਆ,ਤੇ ਨਾਲ ਮੇਰੇ ਮੋਢਿਆ ਤੇ ਹੱਥ ਰੱਖ ਕੇ ਆਖਣ ਲੱਗਾ,"ਮਨਜੀਤ ਜੇ ਤੇਰੇ ਹੁੰਦੇ ਹੁੰਦੇ ਮੈਨੂੰ ਕੁੱਝ ਹੋ ਗਿਆ ਤਾਂ ਤੂੰ ਮੇਰੇ ਘਰ ਜ਼ਰੂਰ ਜਾ ਆਵੀਂ।ਜੇ ਹੋ ਸਕਿਆ ਤਾਂ ਦੋ ਮੁੱਠਾਂ ਰਾਖ ਦੀਆਂ ਲੈ ਜਾਵੀਂ।ਮੇਰੀ ਮਾਂ ਨੂੰ ਹੌਸਲਾ ਦੇਵੀਂ।ਮੇਰੇ ਵਗੈਰ ਉਸ ਦਾ ਹੋਰ ਕੋਈ ਸਹਾਰਾ ਨਹੀਂ,ਇਸ ਦੁਨੀਆਂ ਵਿੱਚ"।ਮੈਨੂੰ ਪਤਾ ਸੀ ਉੱਸ ਦੇ ਪਿਤਾ ਜੀ ਹਾਲੇ ਪਿੱਛਲੇ ਸਾਲ ਹੀ ਸੁਰਗਵਾਸ ਹੋਏ

ਸਨ।

ਅਸੀਂ ਇੱਕ ਦੂਜੇ ਨਾਲ ਵਾਇਦਾ ਕੀਤਾ ਕਿ ਜੇ ਸਾਡੇ ਵਿੱਚੋਂ ਕਿਸੇ ਇੱਕ ਨੂੰ ਦੁਸ਼ਮਨ ਦੀ ਗੋਲੀ ਨੇ ਸ਼ਿਕਾਰ ਬਣਾ ਲਿਆ ਤਾਂ ਦੂਸਰਾ ਉੱਸ ਦੇ ਘਰ ਜ਼ਰੂਰ ਜਾਵੇਗਾ। ਚੰਗੀ ਕਿਸਮਤ ਨੂੰ ਫਲੈਗ ਮੀਟਿੰਗ ਵਿੱਚ ਦੋਨਾਂ ਦੇਸ਼ਾਂ ਵਿੱਚ ਕੋਈ ਫੈਸਲਾ ਹੋਣ ਕਰਕੇ ਫਾਇਰ ਬੰਦ ਹੋ ਗਿਆ। ਅਗਲੇ ਦਿਨ ਹੀ ਜਦੋਂ ਕੰਪਨੀ ਕਮਾਂਡਰ ਸਾਹਿਬ ਨੂੰ ਚਿੱਠੀ ਵਾਰੇ ਪਤਾ ਲੱਗਾ ਤਾਂ ਗੁਰਬਚਨ ਨੂੰ ਦਸ ਦਿਨ ਲਈ ਛੁੱਟੀ ਮਿਲ ਗਈ।

"ਮਨਜੀਤ ਚੱਲ ਉੱਠ ਗੱਡੀ ਆਉਣ ਵਾਲੀ ਹੈ। ਜਵਾਨ ਬਣ। ਹੌਸਲਾ ਰੱਖ ਕੇ ਸਭ ਕਾਗਜ਼ ਪੱਤਰ ਚੰਗੀ ਤਰ੍ਹਾਂ ਸੰਭਾਲ"। ਗੁਰਬਚਨ ਦੇ ਘਰ ਜਾਣ ਲਈ ਮੈਨੂੰ ਗੱਡੀ ਵਿੱਚ ਬਿਠਾ ਕੇ ਆਪ ਕੈਪਟਨ ਗਿੱਲ ਵਾਪਿਸ ਯੂਨਿਟ ਚਲਾ ਗਿਆ।

ਮੈਨੂੰ ਗੱਡੀ ਦੀਆਂ ਚੀਕਾਂ ਗੁਰਬਚਨ ਦੀ ਮਾਂ ਦੇ ਵੈਣਾਂ ਵਾਂਗ ਲਗ ਰਹੀਆਂ ਸਨ। ਮੇਰੀਆਂ ਅੱਖਾਂ ਸਾਹਮਣੇ ਗੁਰਬਚਨ ਦੀ ਮਾਂ ਆ ਖੜੋਤੀ, ਖਿਲਰੇ ਵਾਲ, ਮੈਲੇ ਕਪੜੇ, ਦੋ ਹੱਥੜੀ ਮਾਰਦੀ ਪਿੱਟੀ ਜਾਂਦੀ...ਵੇ ਪੁੱਤ ਤੂੰ ਕਿੱਥੇ ਚਲਾ ਗਿਆਂ..ਆਂ, ਆਪਣੇ ਵਾਲ਼ ਪੱਟੀ ਜਾਵੇ। ਮੈਂ ਆਪਣਾ ਸਿਰ ਝੱਟਕਿਆ। ਗੁਰਬਚਨ ਦੇ ਪਿੰਡ ਦਾ ਰੇਲਵੇ ਸਟੇਸ਼ਨ ਆ ਗਿਆ ਸੀ।

ਮੈਂ ਆਪਣੇ ਨਿਰਜਿੰਦ ਸਰੀਰ ਨੂੰ ਕਿਸੇ ਨਾ ਕਿਸੇ ਤਰਾਂ ਗੁਰਬਚਨ ਦੇ ਘਰ ਦੇ ਵਿਹੜੇ ਵਿੱਚ ਜਾ ਸੁੱਟਿਆ। ਮੈਨੂੰ ਆਸ ਸੀ ਕਿ ਮੈਨੂੰ ਦੇਖ ਕੇ ਗੁਰਬਚਨ ਦੀ ਅਣਭੋਲ਼ ਮਾਂ ਦੌੜੇਗੀ ਮੇਰੇ ਵੱਲ ਪਿਆਰ ਦੇਣ ਲਈ। ਜਦੋਂ ਮੈਂ ਦੁੱਖਾਂ ਦੀ ਪੰਡ ਉਸ ਦੇ ਅੱਗੇ ਖੋਲਾਂਗਾ ਤਾਂ ਉਸ ਦੇ ਮੂੰਹੋਂ ਨਿਕਲੀ ਇੱਕ ਦਰਦਨਾਕ ਚੀਕ ਘਰ ਦੀਆਂ ਦਿਵਾਰਾਂ ਨੂੰ ਚੀਰਦੀ ਗੱਲੀਆਂ ਵਿੱਚੋਂ ਹੁੰਦੀ ਹੋਈ ਪਿੰਡ ਦੇ ਵਾਤਾਵਰਣ ਵਿੱਚ ਤੂਫਾਨੀ ਬਿਜਲੀ ਦੀ ਤਰ੍ਹਾਂ ਫੈਲ ਜਾਵੇਗੀ।

ਪਰ ਇਸ ਤਰ੍ਹਾਂ ਕੁੱਝ ਵੀ ਨਾ ਹੋਇਆ। ਮੈਨੂੰ ਦੇਖ ਕੇ ਗੁਰਬਚਨ ਦੀ ਗੁਆਂਢਣ ਨੇ ਲੰਮਾਂ ਹਾਉਕਾ ਲੈਂਦਿਆਂ ਇੰਨਾ ਹੀ ਕਿਹਾ, " ਵਿਚਾਰੇ ਦੇ ਘਰ ਨੂੰ ਤਾਂ ਜੰਦਰਾ ਈ ਲੱਗ ਗਿਆ। ਇਹ ਵੀ ਲਾਵਾਰਸ ਹੋ ਗਿਆ"।

ਫੋਨ-9876036975

❋ ❋ ❋ ❋ ❋

ਹੱਕ ਸੱਚ ਅਤੇ ਆਜ਼ਾਦੀ ਦੇ ਆਲੰਬਰਦਾਰ ਮਹਾਨ ਸ਼ਹੀਦ ਸ. ਭਗਤ ਸਿੰਘ ਦੇ 111ਵੇਂ ਜਨਮ ਦਿਨ, 28 ਸਤੰਬਰ 2018 ਦੀ ਲੋਕਾਈ ਨੂੰ ਲੱਖ ਲੱਖ ਮੁਬਾਰਕ ਹੋਵੇ।





ਆਓ ! ਸ਼ੁਰੂਆਤ ਕਰੀਏ

ਗੁਰਵਿੰਦਰ ਕੌਰ ਸੈਣੀ, ਰੂਪਨਗਰ

ਆਧੁਨਿਕਤਾ ਦੀ ਦੌੜ ਵਿੱਚ ਅਸੀਂ ਕਿੰਨਾਂ ਕੁੱਝ ਪਿੱਛੇ ਛੱਡ ਆਏ ਹਾਂ। ਇਹ ਗੱਲ ਉਦੋਂ ਮਹਿਸੂਸ ਹੁੰਦੀ ਹੈ ਜਦੋਂ ਸਮਾਜ ਵਿੱਚ ਕੋਈ ਕਾਰਾ ਵਰਤ ਜਾਂਦਾ ਹੈ। ਅਜੋਕੇ ਸਮਾਜ ਵਿੱਚ ਅਸੀਂ ਆਪਣੇ ਬੱਚਿਆਂ ਨੂੰ ਆਧੁਨਿਕ ਬਣਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦਿੰਦੇ ਹਾਂ। ਬੱਚਿਆਂ ਦੀ ਸੋਚ ਨਵੀ ਦਿਨੋ-ਦਿਨ ਬਦਲ ਰਹੀ ਹੈ। ਰੋਜ਼ ਅਖਬਾਰਾਂ ਵਿੱਚ ਦਿਲ-ਕੰਬਾਊ ਹਾਦਸੇ ਛਪਦੇ ਰਹਿੰਦੇ ਹਨ। ਅਸੀਂ ਅੱਜ ਆਪਣੇ ਬੱਚਿਆਂ ਤੋਂ ਸੁਰੱਖਿਅਤ ਨਹੀਂ। ਜਿੱਥੇ ਬੱਚਿਆਂ ਨੂੰ ਵੱਡਿਆਂ ਦੀ ਅਗਵਾਈ ਅਤੇ ਸੁਰੱਖਿਆ ਦੀ ਲੋੜ ਸੀ ਉੱਥੇ ਬੱਚਿਆਂ ਵਿੱਚ ਵਧ ਰਹੀ ਹਿੰਸਕ ਪ੍ਰਵਿਰਤੀ ਸੱਚਮੁੱਚ ਸੋਚਣ ਲਈ ਮਜ਼ਬੂਰ ਕਰਦੀ ਹੈ। ਬੱਚਿਆਂ ਵਿੱਚ ਡਰ ਅਤੇ ਆਦਰ ਦਾ ਭਾਵ ਉੱਕਾ ਹੀ ਖਤਮ ਹੋ ਗਿਆ ਹੈ। ਇਸ ਦੀ ਸ਼ੁਰੂਆਤ ਬੇਸ਼ੱਕ ਆਪਣੇ ਹੀ ਘਰ ਤੋਂ ਹੁੰਦੀ ਹੈ। ਅੱਜ ਸਭ ਕੋਲ ਇੱਕ-ਦੋ ਬੱਚੇ ਹੀ ਹੁੰਦੇ ਹਨ ਜੋ ਕਿ ਠੀਕ ਹੈ। ਵਧਦੀ ਮਹਿੰਗਾਈ ਦੇ ਜ਼ਮਾਨੇ ਵਿੱਚ ਇੱਕ-ਦੋ ਬੱਚਿਆਂ ਨੂੰ ਸਹੀ ਢੰਗ ਨਾਲ ਪਾਲਣਾ ਹੀ ਵੱਡਾ ਟੀਚਾ ਹੈ। ਅਸੀਂ ਬੱਚਿਆਂ ਨੂੰ ਹਰ ਤਰ੍ਹਾਂ ਦੀ ਸਹੂਲਤ ਦੇਣ ਨੂੰ ਹੀ ਵਧੀਆ ਪਰਵਰਿਸ਼ ਸਮਝ ਲੈਂਦੇ ਹਾਂ, ਪਰ ਚੰਗੇ ਸੰਸਕਾਰ ਦੇਣਾ ਭੁੱਲ ਜਾਂਦੇ ਹਾਂ। ਇਹਨਾਂ ਕੰਮਾਂ ਲਈ ਮਾਂ-ਬਾਪ ਕੋਲ ਸਮਾਂ ਹੀ ਨਹੀਂ। ਜਿਹੜਾ ਸਮਾਂ ਬੱਚਿਆਂ ਨਾਲ ਬਤੀਤ ਹੋਣਾ ਚਾਹੀਦਾ ਹੈ ਉਹ ਤਾਂ ਫੇਸ ਬੁੱਕ ਤੇ ਵਟਰ-ਐਪ ਖਾ ਗਿਆ। ਬੱਚੇ ਨੂੰ ਵੀ ਮੋਬਾਇਲ 'ਤੇ ਗੇਮ ਲਗਾ ਕੇ ਦਿੰਦੇ ਹਨ ਤਾਂਕਿ ਉਹ ਰੁੱਝੇ ਰਹਿਣ ਤੇ ਉਨ੍ਹਾਂ ਨੂੰ ਤੰਗ ਨਾ ਕਰਨ। ਮਾਂ-ਬਾਪ ਗੋਦੀ ਚੁੱਕੇ ਬੱਚੇ ਦੀ ਮੋਬਾਇਲ ਚਲਾਉਣ ਦੀ ਖੂਬੀ ਨੂੰ ਦੱਸਦੇ ਨਹੀਂ ਥੱਕਦੇ। ਪਰ ਕੀ ਇਹ ਉਹਨਾਂ ਦਾ ਬਚਪਨ ਖੋਹਣ ਦਾ ਸਮਾਨ ਨਹੀਂ? ਹਿੰਸਕ ਗੇਮਜ਼ ਅਤੇ ਵੀਡਿਓ ਗੇਮਜ਼ ਬੱਚੇ ਦੀ ਮਾਨਸਿਕਤਾ ਤੇ ਬੁਰਾ ਅਸਰ ਪਾਉਂਦੇ ਹਨ। ਹੌਲੀ ਹੌਲੀ ਬੱਚਾ ਮਾਂਬਾਪ ਤੋਂ ਦੂਰ ਹੁੰਦਾ ਜਾਂਦਾ ਹੈ। ਕਹਿੰਦੇ ਹਨ ਕਿਸੇ ਵੀ ਚੀਜ਼ ਦੀ ਅਤਿ ਮਾੜੀ ਹੁੰਦੀ ਹੈ। ਇਹੋ ਗੱਲ ਇੱਥੇ ਢੁਕਦੀ ਹੈ।

ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦਾ ਭਵਿੱਖ ਸੰਭਾਲਣ ਲਈ ਜਾਗਰੂਕ ਹੋਣਾ ਚਾਹੀਦਾ ਹੈ। ਕਿਹੜੀ ਚੀਜ਼ ਦੀ ਕਿੰਨੀ ਅਤੇ ਕਦੋਂ ਵਰਤੋਂ ਕਰਨੀ ਹੈ ਇਸ ਲਈ ਘਰ ਵਿੱਚ ਨਿਯਮ ਬਣਾਉਣੇ ਚਾਹੀਦੇ ਹਨ ਤਾਂ ਕਿ ਬੱਚਾ ਕਿਸੇ ਵੀ ਖੇਤਰ ਵਿੱਚ ਨਾਂ ਪਛੜੇ। ਬੱਚਿਆਂ ਨੂੰ ਇਨ੍ਹਾਂ ਦੇ ਫਾਇਦੇ ਅਤੇ ਨੁਕਸਾਨ ਦੋਹਾਂ ਤੋਂ ਵਾਕਿਫ ਕਰਵਾਇਆ ਜਾਵੇ। ਆਉਣ ਵਾਲੀ ਅਤੇ ਵਰਤਮਾਨ ਪੀੜ੍ਹੀ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੋ ਗਿਆ ਹੈ। ਆਓ ਅਸੀਂ ਸਾਰੇ ਪਹਿਲਾਂ ਸ਼ੁਰੂਆਤ ਆਪਣੇ ਹੀ ਘਰ ਤੋਂ ਕਰੀਏ ਅਤੇ ਆਪਣੇ ਬੱਚਿਆਂ ਦੇ ਬਚਪਨ ਅਤੇ ਭਵਿੱਖ ਨੂੰ ਸਾਂਭ ਲਈਏ।

ਫੋਨ-9888161618,9888321203

ਸੈਣੀ ਚੈਰੀਟੇਬਲ ਐਜੂਕੇਸ਼ਨ ਟਰਸਟ (ਰਜਿ.),
ਸੈਣੀ ਭਵਨ ਰੂਪਨਗਰ ਵਲੋਂ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤੇ ਜਾਂਦੇ



ਦਵਿੰਦਰ ਸਿੰਘ ਜਟਾਣਾ
ਰੂਪਨਗਰ

ਰੈਗੂਲਰ ਵਜ਼ੀਫਿਆਂ ਦੇ ਮਹਾਂਦਾਨੀ ਸੱਜਣ

ਮਹਾਂਪੁਰਖਾਂ ਦਾ ਕਥਨ ਹੈ ਕਿ ਪੈਸੇ ਕਮਾਉਣੇ ਤਾਂ ਬਹੁਤਿਆਂ ਨੂੰ ਆਉਂਦੇ ਹਨ ਪਰ ਖਰਚ ਕਰਨੇ ਕਿਸੇ ਕਿਸੇ ਨੂੰ ਹੀ ਆਉਂਦੇ ਹਨ। ਆਪਣੇ ਕਮਾਏ ਪੈਸੇ ਨੂੰ ਖਰਚ ਕਰਨ ਦਾ ਹੱਕ ਕੇਵਲ ਜਿਉਂਦੇ ਜੀਅ ਹੀ ਹੁੰਦਾ ਹੈ। ਕਮਾਉਣ ਵਾਲੇ ਦੇ ਮਰਦਿਆਂ ਹੀ ਇਹ ਪੈਸਾ ਕਿਸੇ ਹੋਰ ਦੇ ਅਧਿਕਾਰ ਵਿੱਚ ਚਲੇ ਜਾਂਦਾ ਹੈ। ਗੁਰੂ ਜੀ ਦਾ ਫੁਰਮਾਨ ਹੈ–

"ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ।।"

ਧੰਨ ਹਨ ਉਹ ਸੱਜਣ ਜਿਨ੍ਹਾਂ ਨੇ ਗੁਰੂ ਜੀ ਦੀ ਸਿੱਖਿਆ 'ਤੇ ਚਲਦਿਆਂ ਸਮਾਜ ਦੇ ਗਰੀਬ ਵਰਗ ਦੇ ਲੋਕਾਂ ਦੇ ਹੁਸ਼ਿਆਰ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਸੈਣੀ ਭਵਨ ਵਲੋਂ ਚਲਾਈ ਜਾ ਰਹੀ ਮੁਹਿੰਮ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਦੀ ਗਿਣਤੀ ਤਾਂ ਭਾਵੇਂ ਕਾਫੀ ਹੈ ਪਰ ਇੱਥੇ ਕੇਵਲ ਚਾਰ ਮਹਾਂਦਾਨੀ ਸੱਜਣਾ ਦੇ ਜੀਵਨ ਵੇਰਵੇ ਦਿੱਤੇ ਜਾ ਰਹੇ ਹਨ।

ਸਵ. ਲੇਖ ਰਾਜ ਮੁੰਦਰਾ– ਆਪ ਦਾ ਜਨਮ ਪਹਿਲੀ ਅਕਤੂਬਰ 1921 ਨੂੰ ਚੌਧਰੀ ਮੁਨਸ਼ੀ ਰਾਮ ਜੀ ਦੇ ਸੈਣੀ ਪਰਿਵਾਰ ਵਿੱਚ ਹਵੇਲੀ ਕਲਾਂ (ਰੂਪਨਗਰ) ਵਿਖੇ ਹੋਇਆ। ਆਪ ਦੇ ਪਿਤਾ ਜੀ ਭਾਰਤੀ ਰੇਲਵੇ ਵਿੱਚ ਸਟੇਸ਼ਨ ਮਾਸਟਰ ਸਨ। ਆਪ ਨੇ ਦਿੱਲੀ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ 1941 ਵਿੱਚ ਰਾਇਲ ਇੰਡੀਅਨ ਏ.ਐਸ.ਸੀ. ਵਿੱਚ ਵਾਇਸਰਾਏ ਦੇ ਕਮਿਸ਼ਨਡ ਆਫੀਸਰ ਵਜੋਂ ਨੌਕਰੀ ਕੀਤੀ ਜਿਸ ਦੌਰਾਨ ਆਪ ਦੂਜੀ ਸੰਸਾਰ ਜੰਗ ਸਮੇਂ ਯੂ.ਏ.ਆਰ.ਅਤੇ ਲਿਬੀਆ ਦੇਸ਼ਾਂ ਵਿੱਚ ਤਾਇਨਾਤ ਰਹੇ। ਆਪ 1948 ਵਿੱਚ ਦਿੱਲੀ ਪੁਲਿਸ ਵਿੱਚ ਸਬ-ਇੰਸਪੈਕਟਰ ਭਰਤੀ ਹੋ ਗਏ ਅਤੇ 1979 ਵਿੱਚ ਅਸਿਟੈਂਟ ਪੁਲਿਸ ਕਮਿਸ਼ਨਰ ਦੇ ਅਹੁਦੇ ਤੋਂ ਰਿਟਾਇਰ ਹੋਏ। ਆਪ 1967 ਅਤੇ 1968 ਵਿੱਚ ਸੁਤੰਤਰਤਾ ਦਿਵਸ 'ਤੇ ਦਿੱਲੀ ਪੁਲਿਸ ਦੇ ਪਰੇਡ ਕਮਾਂਡਰ ਬਣੇ। ਮੁੰਦਰਾ ਸਾਹਿਬ ਨੂੰ ਤਿੰਨ ਪ੍ਰਧਾਨ ਮੰਤਰੀਆਂ-ਪੰਡਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ ਅਤੇ ਇੰਦਰਾ ਗਾਂਧੀ ਦੇ ਪਰਸਨਲ ਸਕਿਉਰਿਟੀ ਸਟਾਫ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਆਪ ਦੀ ਭਰੋਸੇਯੋਗਤਾ ਅਤੇ ਕਾਰਜਕੁਸ਼ਲਤਾ ਦੇ ਮੱਦੇਨਜ਼ਰ ਆਪ ਨੂੰ ਰਾਸ਼ਟਰਪਤੀ ਸੰਜੀਵਾ ਰੈਡੀ ਦੇ ਪਰਸਨਲ ਸਕਿਉਰਿਟੀ ਅਫਸਰ ਨਿਯੁਕਤ ਕੀਤਾ ਗਿਆ। ਇੰਨੇ ਉਚੇ ਅਹੁਦੇ ਤੋਂ ਰਿਟਾਇਰ ਹੋ ਕੇ ਵੀ ਆਪ ਨੇ ਰਹਿੰਦੀ ਜ਼ਿੰਦਗੀ



ਆਪਣੇ ਬਜ਼ੁਰਗਾਂ ਦੇ ਪਿੰਡ ਗੁਜ਼ਾਰਨ ਦਾ ਫੈਸਲਾ ਲਿਆ। ਆਪਣੇ ਪੁਰਾਣੇ ਸਾਥੀਆਂ ਨਾਲ ਜੁੜੇ ਰਹਿਣ ਲਈ ਆਪ ਦਿੱਲੀ ਪੁਲਿਸ ਦੇ ਰਿਟਾਇਰਡ ਗਜ਼ਟਿਡ ਪੁਲਿਸ ਅਫਸਰਾਂ ਦੀ ਐਸੋਸੀਏਸ਼ਨ ਦੇ ਕਈ ਸਾਲਾਂ ਤੱਕ ਪ੍ਰਧਾਨ ਰਹੇ। ਸੇਵਾ ਦੇ ਕਾਰਜਾਂ ਹਿਤ ਆਪ ਨੇ ਜ਼ਿਲ੍ਹਾ ਰੂਪਨਗਰ ਦੀ ਪੰਜਾਬ ਪੁਲਿਸ ਪੈਂਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਮੈਂਬਰ ਅਤੇ ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ ਵਜੋਂ ਸੇਵਾ ਨਿਭਾਈ। ਸੈਣੀ ਬਰਾਦਰੀ ਦੀ ਭਲਾਈ ਲਈ ਆਪ ਨੇ ਸੈਣੀ ਭਵਨ ਵਿਖੇ ਦੋ ਟਰਸਟਾਂ ਦੀ ਸਥਾਪਨਾ ਕੀਤੀ ਅਤੇ ਆਪਣੀ ਰਿਹਾਇਸ਼ ਵਿੱਚ 'ਆਪਣਾ ਘਰ' ਦੇ ਨਾਂ ਹੇਠ ਬਜ਼ੁਰਗਾਂ ਲਈ ਰਹਿਣ ਦਾ ਪ੍ਰਬੰਧ ਕੀਤਾ। ਆਪ ਨੇ ਗਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਉਨ੍ਹਾਂ ਨੂੰ ਵਜ਼ੀਫੇ ਦੇਣ ਲਈ **72,49897 (ਬਹੱਤਰ ਲੱਖ, ਉਨੰਜਾ ਹਜ਼ਾਰ, ਅੱਠ ਸੌ ਸਤਾਨਵੈ) ਰੁਪਏ** ਸੈਣੀ ਭਵਨ ਰੂਪਨਗਰ ਨੂੰ ਦਾਨ ਕੀਤੇ ਹੋਏ ਹਨ। ਇਹ ਮਹਾਂਦਾਨੀ, ਦਾਨਿਸ਼ਵੰਦ ਅਤੇ ਗਰੀਬਾਂ ਦਾ ਮਸੀਹਾ 5 ਜੂਨ 2017 ਨੂੰ ਸੰਸਾਰ ਤੋਂ ਵਿਦਾ ਹੋ ਗਿਆ। ਪ੍ਰਮਾਤਮਾ ਆਪ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ।

ਲੈਫਟੀਨੈਂਟ ਕਰਨਲ(ਰਿਟਾ.) ਜੀ.ਆਰ.ਸੈਣੀ– ਇਸ ਮਹਾਂਦਾਨੀ ਦਾ ਜਨਮ 9 ਅਗਸਤ, 1918 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁੱਡਾ ਵਿਖੇ ਸ਼੍ਰੀ ਅਮੀ ਚੰਦ ਦੇ ਸੈਣੀ ਪਰਿਵਾਰ ਵਿੱਚ ਹੋਇਆ। ਆਪ ਨੇ ਆਪਣੀ ਮੁਢਲੀ ਸਿੱਖਿਆ ਖੁੱਡਾ ਅਤੇ ਟਾਂਡਾ ਉੜਮੁੜ ਦੇ ਸਕੂਲਾਂ ਤੋਂ ਪ੍ਰਾਪਤ ਕਰਕੇ ਡੀ.ਏ.ਵੀ.ਕਾਲਜ ਜਲੰਧਰ ਤੋਂ ਗ੍ਰੈਜੂਏਸ਼ਨ ਕੀਤੀ। ਪੜ੍ਹਾਈ ਦੌਰਾਨ ਆਪ ਨੇ ਫੁੱਟਬਾਲ, ਵਾਲੀਬਾਲ ਅਤੇ ਐਥਲੈਟਿਕਸ ਆਦਿ ਖੇਡਾਂ ਵਿੱਚ ਵਿਸ਼ੇਸ਼ ਕਾਮਯਾਬੀਆਂ ਹਾਸਲ ਕੀਤੀਆਂ। ਆਪ 1941 ਵਿੱਚ ਫੌਜ ਦੀ ਆਰਡੀਨੈਂਸ ਕੋਰ ਭਰਤੀ ਹੋ ਗਏ ਅਤੇ ਦੂਜੀ ਸੰਸਾਰ ਜੰਗ ਸਮੇਂ ਇਰਾਨ ਅਤੇ ਜਾਪਾਨ ਵਿੱਚ ਲੜਾਈਆਂ ਵਿੱਚ ਭਾਗ ਲਿਆ। ਸੰਨ 1947 ਵਿੱਚ ਆਪ ਸਰਵਿਸ ਸਲੈਕਸ਼ਨ ਕਮਿਸ਼ਨ ਵਲੋਂ ਫੌਜ ਵਿੱਚ ਕਮਿਸ਼ਨਡ ਅਫਸਰ ਚੁਣੇ ਗਏ। ਆਪਣੀਆਂ ਸ਼ਾਨਦਾਰ ਸੇਵਾਵਾਂ ਸਦਕਾ ਆਪ ਨੂੰ ਫੌਜ ਵਿੱਚ ਤਿੰਨ ਸਾਲ ਵਾਧੂ ਨੌਕਰੀ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ 1973 ਵਿੱਚ ਲੈਫਟੀਨੈਟ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋ ਗਏ ਅਤੇ ਚੰਡੀਗੜ੍ਹ ਵਿਖੇ ਰਹਿਣ ਲਗ ਪਏ। ਜੀ.ਆਰ.ਸੈਣੀ ਜੀ ਦੀ ਸ਼ਾਦੀ 1944 ਵਿੱਚ ਬੀਕਾਨੇਰ ਦੇ ਇੱਕ ਸਿਰਕੱਢ ਜ਼ਿੰਮੀਦਾਰ ਦੀ ਪੁੱਤਰੀ ਕੁਸ਼ੱਲਿਆ ਦੇਵੀ ਨਾਲ ਹੋਈ ਜੋ ਬਿਨਾਂ ਕਿਸੇ ਔਲਾਦ ਤੋਂ 2005 ਵਿੱਚ ਸਵਰਗਵਾਸ



ਹੋ ਗਈ। ਆਪ ਨੂੰ ਸਮਾਜ ਸੇਵੀ ਲਈ ਦਾਨ ਦੇਣ ਅਤੇ ਤਿਆਗ ਦੀ ਸੌਗਾਤ ਦਾਦਾ ਨਰੈਣ ਸਿੰਘ, ਦਾਦੇ ਦੇ ਭਰਾਵਾਂ ਸੂਬੇ ਸਿੰਘ ਤੇ ਜੈਮਲ ਸਿੰਘ ਅਤੇ ਪਿਤਾ ਅਮੀਂ ਚੰਦ ਤੋਂ ਪ੍ਰਾਪਤ ਹੋਈ ਹੈ। ਇਹ ਹੀ ਕਾਰਨ ਹੈ ਕਿ ਸੈਣੀ ਸਾਹਬ ਨੇ ਆਪਣੀ ਜਾਇਦਾਦ ਭਰਾਵਾਂ ਨੂੰ ਹੀ ਸੌਂਪ ਦਿੱਤੀ ਹੈ। ਆਪ ਨੇ ਬਰੀਬ ਪਰਿਵਾਰਾਂ ਦੇ ਹੁਸ਼ਿਆਰ ਬੱਚਿਆਂ ਦੀ ਪੜ੍ਹਾਈ ਲਈ ਸੈਣੀ ਭਵਨ ਰੂਪਨਗਰ ਨੂੰ **20,45 000 (ਵੀਹ ਲੱਖ, ਪੰਜਤਾਲੀ ਹਜ਼ਾਰ) ਰੁਪਏ** ਦਾਨ ਦਿੱਤੇ ਹੋਏ ਹਨ ਜਿਸ ਦੇ ਵਿਆਜ ਨਾਲ ਦਰਜਣਾਂ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਜਾਂਦੇ ਹਨ। ਆਪ ਦੀ ਪ੍ਰੇਰਨਾ ਸਦਕਾ ਇਨ੍ਹਾਂ ਦੀ ਪੋਤਨੂੰਹ ਗੁਰਜਿੰਦਰ ਕੌਰ ਪਤਨੀ ਰਾਕੇਸ਼ ਕੁਮਾਰ ਨੇ ਵੀ 1,25000 ਰੁਪਏ ਇਸ ਮੰਤਵ ਲਈ ਦਾਨ ਦਿੱਤੇ ਹਨ। ਆਪ ਨੇ ਹੁਣ ਹੁਸ਼ਿਆਰਪੁਰ ਸ਼ਹਿਰ ਵਿਖੇ ਡੀ.ਸੀ.ਰੋਡ 'ਤੇ ਆਪਣੀ ਰਿਹਾਇਸ਼ ਬਣਾ ਲਈ ਹੈ ਜਿੱਥੇ ਉਨ੍ਹਾਂ ਦੀ ਭੈਣ ਦਾ ਦੋਹਤਰਾ ਰਾਕੇਸ਼ ਕੁਮਾਰ ਆਪਣੇ ਪਰਿਵਾਰ ਸਮੇਤ ਰਹਿੰਦਿਆਂ ਆਪ ਦੀ ਸੇਵਾ ਕਰ ਰਿਹਾ ਹੈ। ਆਪ ਬਹੁਤਾ ਸਮਾਂ ਪ੍ਰਮਾਤਮਾ ਦੀ ਭਗਤੀ ਵਿੱਚ ਹੀ ਗੁਜ਼ਾਰਦੇ ਹਨ। 9 ਅਗਸਤ, 2018 ਨੂੰ ਆਪ ਸੌ ਸਾਲ ਦੇ ਹੋ ਗਏ ਹਨ। ਇਸ ਦੇ ਬਾਵਜੂਦ ਆਪ ਸਮਾਜ ਦੀਆਂ ਸਮੱਸਿਆਵਾਂ ਪ੍ਰਤਿ ਪੂਰੀ ਤਰ੍ਹਾਂ ਚੇਤੰਨ ਅਤੇ ਹਰ ਵਿਸ਼ੇ ਦਾ ਗਿਆਨ ਰਖਦੇ ਹਨ। ਆਪ ਦੀ ਯਾਦਾਸ਼ਤ ਬਾਕਮਾਲ ਹੈ। ਹਰ ਸਾਲ ਆਪ ਦੇ ਜਨਮ ਦਿਨ ਸਮੇ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਨੂੰ ਸ਼ੁੱਭ ਇੱਛਾਵਾਂ ਦੇਣ ਜਾਂਦੇ ਹਨ। ਇਸ ਸਾਲ ਆਪ ਦਾ 101ਵਾਂ ਜਨਮ ਦਿਨ ਵਿਸ਼ੇਸ਼ ਢੰਗ ਨਾਲ ਮਨਾਇਆ ਗਿਆ ਹੈ। ਪ੍ਰਮਾਤਮਾ ਇਸ ਮਹਾਪੁਰਸ਼ ਨੂੰ ਤੰਦਰੁਸਤੀ ਅਤੇ ਲੰਬੀ ਉਮਰ ਬਖਸ਼ੇ।

ਐਡਵੋਕੇਟ ਬਲਦੇਵ ਸਿੰਘ ਮੁੰਦਰਾ– ਆਪ ਦਾ ਜਨਮ ਸ. ਮੋਤਾ ਸਿੰਘ ਮੁੰਦਰਾ ਦੇ ਸੈਣੀ ਪਰਿਵਾਰ ਵਿੱਚ 6 ਜੂਨ, 1938 ਨੂੰ ਰੂਪਨਗਰ ਸ਼ਹਿਰ ਦੇ ਪਿੰਡ ਹਵੇਲੀ ਕਲਾਂ ਵਿਖੇ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਸਾਧਾਰਨ ਕਿਸਾਨ ਸਨ। ਆਪ ਨੇ ਬੀ.ਐਸ.ਸੀ. ਸਰਕਾਰੀ ਕਾਲਜ ਰੂਪਨਗਰ ਤੋਂ ਅਤੇ ਬੀ.ਐਸ.ਸੀ.(ਆਨਰਜ਼) ਇੰਨ ਪੈਟਰੋਲੀਅਮ ਟੈਕਨਾਲੋਜੀ ਰਾਂਚੀ ਯੂਨੀਵਰਸਿਟੀ ਦੇ ਇੰਡੀਅਨ ਸਕੂਲ ਆਫ ਮਾਈਨਜ਼ ਤੋਂ ਪਾਸ ਕੀਤੀ। ਆਪ ਨੇ ਆਇਲ ਐਂਡ ਨੈਚੁਰਲ ਗੈਸ ਕਾਰਪੋਰੇਸ਼ਨ (ਓ.ਐਨ.ਜੀ.ਸੀ.) ਵਿੱਚ ਭਿੰਨ ਭਿੰਨ ਉੱਚ ਅਹੁਦਿਆਂ 'ਤੇ ਕੰਮ ਕੀਤਾ। ਇ ਦੌਰਾਨ ਆਪ ਨੇ ਹਜ਼ੀਰਾ ਵਿਖੇ ਏਸ਼ੀਆ ਦੇ ਸਭ ਤੋਂ ਵੱਡੇ ਸਾਵਰ ਗੈਸ ਟਰੀਟਮੈਂਟ ਪਲਾਂਟ ਨੂੰ ਪੂਰੀ ਸਫਲਤਾ ਨਾਲ ਚਾਲੂ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਉਪਰੰਤ ਆਪ ਓ.ਐਨ.ਜੀ.ਸੀ. ਦੇ ਈਸਟਰਨ ਰਿਜਨ ਉਪਰੇਸ਼ਨਜ਼ ਦੇ ਮੁਖੀ ਬਣੇ ਜਿਸ ਜ਼ਿੰਮੇਵਾਰੀ ਨੂੰ ਆਪ ਨੇ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਇਆ। ਮੁੰਦਰਾ ਸਾਹਿਬ ਨੇ ਬੰਬਈ ਹਾਈ ਆਇਲ ਫੀਲਡ ਨੂੰ ਸਫਲ ਕਰਨ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਜਿਸ ਦੀ ਭਰਪੂਰ ਪ੍ਰਸ਼ੰਸਾ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਰਾਸ਼ਟਰਪਤੀ ਨੇ ਕੀਤੀ। ਸੰਨ 1994 ਵਿੱਚ ਆਪ ਨੂੰ ਕਲਕੱਤਾ ਵਿਖੇ ਨੈਸ਼ਨਲ ਇੰਸਟਰੂਮੈਂਟਸ ਲਿਮਟਿਡ ਦਾ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਰਟ ਨਿਯੁਕਤ ਕਰ ਦਿੱਤਾ ਗਿਆ। ਇਸ ਦੌਰਾਨ ਆਪ ਨੇ ਟਾਈਮਰ ਫਾਰ ਗੈਸ ਇੰਜੈਕਸ਼ਨ ਵੈਲ ਦੀ ਨਵੀਂ ਕਾਢ ਕੱਢੀ ਜੋ ਕਿ ਵਾਤਾਵਰਨਿਕ ਖਤਰਿਆਂ ਤੋਂ ਬਚਣ ਲਈ ਬਹੁਤ ਕਾਰਗਰ ਸੀ। ਆਪ ਜੀ ਦੀ ਲਿਆਕਤ ਦੀ ਕਦਰ ਕਰਦਿਆਂ ਭਾਰਤ ਸਰਕਾਰ ਨੇ ਆਪ ਨੂੰ 'ਹਿੰਦ ਗੌਰਵ' ਪੁਰਸਕਾਰ ਨਾਲ ਸਨਮਾਨਿਤ ਕੀਤਾ। ਸੇਵਾਮੁਕਤੀ ਤੋਂ ਬਾਅਦ ਆਪ ਨੇ ਬੰਬਈ ਵਿਖੇ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ ਹੈ। ਆਪ ਦਾ ਇੱਕ ਬੇਟਾ ਅਤੇ ਇੱਕ ਬੇਟੀ ਹੈ ਜੋ ਦੋਵੇਂ ਹੀ ਉੱਚ-ਸਿੱਖਿਆ ਪ੍ਰਾਪਤ ਕਰ ਕੇ ਮਾਣਮੱਤੇ ਅਹੁਦਿਆਂ 'ਤੇ ਤਾਇਨਾਤ ਹਨ। ਇਸ ਸਭ ਦੇ ਬਾਵਜੂਦ ਆਪ ਆਪਣੇ ਪਿੰਡ ਨਾਲ ਲਗਾਤਾਰ ਜੁੜੇ ਰਹਿੰਦੇ ਹਨ। ਆਪ ਨੇ ਗਰੀਬ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ ਸੈਣੀ ਭਵਨ ਰੂਪਨਗਰ ਨੂੰ **16,02111 (ਸੋਲਾਂ ਲੱਖ, ਦੋ ਹਜ਼ਾਰ, ਇੱਕ ਸੌ ਗਿਆਰਾਂ) ਰੁਪਏ** ਦਾਨ ਦਿੱਤੇ ਹੋਏ ਹਨ। ਆਪ ਅਤਿ ਦੇ ਸ਼ਰੀਫ ਅਤੇ ਦਿਆਲੂ ਵਿਅਕਤੀ ਹਨ।



ਸ. ਹਰਦੇਵ ਸਿੰਘ ਸੈਣੀ– ਇਸ ਦਾਨੀ ਪੁਰਸ਼ ਦਾ ਜਨਮ ਸੰਨ 1938 ਵਿੱਚ ਸੈਣੀ ਪਰਿਵਾਰ ਦੇ ਚੌਧਰੀ ਸ਼੍ਰੀ ਰਾਮ ਦੇ ਘਰ ਰੂਪਨਗਰ ਜ਼ਿਲ੍ਹੇ ਦੇ ਪਿੰਡ ਰਤਨਪੁਰਾ(ਨੂੰਹੋਂ) ਵਿਖੇ ਹੋਇਆ। ਆਪ ਨੇ ਮੈਟ੍ਰਿਕ ਖਾਲਸਾ ਸਕੂਲ ਰੂਪਨਗਰ ਅਤੇ ਐਫ.ਐਸ.ਸੀ. ਸਰਕਾਰੀ ਕਾਲਜ ਰੂਪਨਗਰ ਤੋਂ ਕਰਨ ਉਪਰੰਤ 1961 ਵਿੱਚ ਬੀ.ਐਸ.ਸੀ. ਮਕੈਨੀਕਲ ਇੰਜਨੀਅਰਿੰਗ ਦੀ ਡਿਗਰੀ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਤੋਂ ਹਾਸਲ ਕੀਤੀ। ਇਸ ਸਾਲ ਹੀ ਆਪ ਨੇ ਭਾਰਤ ਹੈਵੀ ਇਲੈਕਟ੍ਰੀਕਲ ਕੰਪਨੀ (ਬੀ.ਐਚ.ਈ.ਐਲ.) ਭੂਪਾਲ ਵਿੱਚ ਮੈਨੂਫੈਕਚੁਰਿੰਗ ਇੰਜਨੀਅਰ ਵਜੋਂ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਜਿੱਥੇ 9 ਸਾਲ ਸੇਵਾ ਕਰਨ ਉਪਰੰਤ 1970 ਵਿੱਚ ਆਪ ਅਮਰੀਕਾ ਚਲੇ ਗਏ। ਇੱਥੇ ਹੀ 1973 ਵਿੱਚ ਐਨ.ਜੇ.ਆਈ.ਟੀ. ਨੇਵਾਰਕ ਨਿਊ ਜਰਸੀ ਤੋਂ ਆਪ ਨੇ ਇੰਡਸਟ੍ਰੀਅਲ ਇੰਜਨੀਅਰਿੰਗ ਵਿੱਚ ਐਮ.ਐਸ.ਸੀ. ਦੀ ਡਿਗਰੀ ਹਾਸਲ ਕਰ ਲਈ। ਇਹ ਉੱਚ-ਡਿਗਰੀ ਹਾਸਲ ਕਰਦਿਆਂ ਹੀ ਆਪ ਨੂੰ ਯੂ.ਐਸ.ਏ.ਦੇ ਹਿਸਟਰ ਯੇਲ ਮੈਟੀਰੀਅਲ ਹੈਂਡਲਿੰਗ ਗਰੁੱਪ ਨੇ ਪ੍ਰੋਡਕਟ ਡਿਜ਼ਾਇਨ ਇੰਜਨੀਅਰ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਆਪ ਨੇ ਮੁਕਾਬਲੇ ਦੀਆਂ ਕਠਿਨ

ਪ੍ਰੀਖਿਆਵਾਂ ਚੋਂ ਲੰਘਣ ਉਪਰੰਤ 1975 ਵਿੱਚ ਮਕੈਨੀਕਲ ਇੰਜਨੀਅਰਿੰਗ ਵਿੱਚ ਪ੍ਰੋਫੈਸ਼ਨਲ ਇੰਜਨੀਅਰਿੰਗ ਲਾਇਸੈਂਸ ਪ੍ਰਾਪਤ ਕਰ ਲਿਆ। ਇਸ ਕੰਪਨੀ ਵਿੱਚ 33 ਸਾਲ ਮਿਹਨਤ ਤੇ ਕੁਸ਼ਲਤਾ ਨਾਲ ਨੌਕਰੀ ਕਰਨ ਉਪਰੰਤ ਆਪ ਪ੍ਰੋਜੈਕਟ ਇੰਜਨੀਅਰ ਦੇ ਉੱਚ-ਅਹੁਦੇ ਤੋਂ 2006 ਵਿੱਚ ਰਿਟਾਇਰ ਹੋਏ ਹਨ। ਆਪ ਦੇ ਦੋ ਬੇਟੇ ਹਨ ਜੋ ਯੂ.ਐਸ.ਏ. ਵਿੱਚ ਕਾਮਯਾਬ ਪ੍ਰੋਫੈਸ਼ਨਲ ਹਨ। ਇਸ ਸਮੇਂ ਆਪ ਆਪਣੀ ਪਤਨੀ ਨਰੰਜਨ ਕੌਰ ਸੈਣੀ ਨਾਲ, # 11 ਸ਼ੇਰਵੁਡ ਕੋਰਟ ਫਲੇਮਿੰਗਟਨ (ਯੂ.ਐਸ.ਏ.) ਵਿੱਚ ਆਨੰਦਮਈ ਜੀਵਨ ਬਤੀਤ ਕਰ ਰਹੇ ਹਨ। ਪ੍ਰਮਾਤਮਾ ਦੀ ਆਪ 'ਤੇ ਅਪਾਰ ਕਿਰਪਾ ਹੈ। ਇਹ ਬਹੁਤ ਵਡੱਪਣ ਦੀ ਗੱਲ ਹੈ ਕਿ ਵਿਦੇਸ਼ ਵਿੱਚ ਦਹਾਕਿਆਂ ਤੋਂ ਵਸੇਬਾ ਕਰਨ ਦੇ ਬਾਵਜੂਦ ਆਪ ਆਪਣੇ ਬਜ਼ੁਰਗਾਂ ਦੇ ਪਿੰਡ, ਇਲਾਕੇ ਅਤੇ ਲੋਕਾਂ ਨੂੰ ਨਹੀਂ ਭੁੱਲੇ। ਆਪ ਨੇ ਆਪਣੇ ਇਲਾਕੇ ਦੇ ਗਰੀਬ ਤੇ ਹੁਸ਼ਿਆਰ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਕਰਨ ਲਈ ਆਪਣੀ ਸਵਰਗੀ ਮਾਤਾ ਅਤੇ ਸਵ. ਪਿਤਾ ਚੌ. ਸ਼੍ਰੀ ਰਾਮ ਜੀ ਦੀ ਯਾਦ ਵਿੱਚ ਵਜ਼ੀਫੇ ਚਾਲੂ ਕਰਵਾਏ ਹੋਏ ਹਨ ਜਿਸ ਲਈ ਸੈਣੀ ਭਵਨ ਰੂਪਨਗਰ ਪਾਸ **11,00000 (ਗਿਆਰਾਂ ਲੱਖ) ਰੁਪਏ** ਜਮ੍ਹਾਂ ਕਰਵਾਏ ਹੋਏ ਹਨ।

❋ ❋ ❋ ❋ ❋

.....ਸਫਾ 11 ਦੀ ਬਾਕੀ

ਕਿਹਾ ਜਾਂਦਾ ਹੈ ਕਿ 1854 ਈ. ਵਿੱਚ ਪੰਜਾਬ ਦਾ ਆਖਰੀ ਮਹਾਰਾਜਾ ਦਲੀਪ ਸਿੰਘ ਵੀ ਐਸਬੌਰਨ ਪੈਲੇਸ ਵਿੱਚ ਰਹਿੰਦਾ ਸੀ। ਭਾਰਤੀ ਕਲਾ ਗੈਲਰੀ ਵਿੱਚ ਉਸ ਦੀ ਉਸ ਸਮੇਂ ਦੀ ਬਹੁਤ ਵਧੀਆ ਪੇਂਟਿੰਗ ਵੀ ਲੱਗੀ ਹੋਈ ਹੈ। ਉਹੀ ਹੁਣ ਤੱਕ ਸਭ ਥਾਈਂ ਮਸ਼ਹੂਰ ਹੈ। ਇਸੇ ਗੈਲਰੀ ਵਿੱਚ ਹੋਰ ਭਾਰਤੀਆਂ ਦੀਆਂ ਤਸਵੀਰਾਂ (ਪੇਂਟਿੰਗ) ਵੀ ਹਨ। ਇਨ੍ਹਾਂ ਵਿੱਚ ਅੰਦਰਲੀ ਸਜਾਵਟ ਕਰਨ ਵਾਲੇ ਸ.ਰਾਮ ਸਿੰਘ ਦੀ ਅਤੇ ਅਬਦੁਲ ਕਰੀਮ ਦੀ ਵੀ ਹੈ।

ਮਹਾਰਾਣੀ ਵਿਕਟੋਰੀਆਂ 1901 ਵਿੱਚ ਸਵਰਗਵਾਸ ਹੋ ਗਈ। ਉਸਦਾ ਇਹ ਘਰ 1904 ਵਿੱਚ ਲੋਕਾਂ ਦੇ ਦੇਖਣ ਲਈ ਖੋਲ੍ਹ ਦਿੱਤਾ ਗਿਆ ਪਰ ਕੁਝ ਨਿੱਜੀ ਕਮਰੇ ਬੰਦ ਰਹੇ। ਕੁਝ ਹਿੱਸੇ ਨੂੰ ਰਾਇਲ ਨੇਵਲ ਕਾਲਜ ਵਿੱਚ ਬਦਲ ਦਿੱਤਾ ਗਿਆ। ਇਹ ਵੀ ਪਹਿਲੀ ਸੰਸਾਰ ਜੰਗ ਤੋਂ ਬਾਅਦ 1920 ਵਿੱਚ ਬੰਦ ਕਰ ਦਿੱਤਾ ਗਿਆ। ਹੁਣ ਇਸ ਮਹਲ ਦਾ ਪ੍ਰਬੰਧ ਇੰਗਲਿਸ਼ ਹੈਰੀਟੇਜ਼ ਕੋਲ ਹੈ ਅਤੇ ਬਹੁਤ ਸਾਰੇ ਕਮਰੇ, ਦਰਬਾਰ, ਗੈਲਰੀਆਂ ਸਜਾਵਟ-ਕਮਰਾ, ਖਾਣਾ ਕਮਰਾ ਆਦਿ ਦਰਸ਼ਕਾਂ ਲਈ ਖੋਲ੍ਹ ਦਿੱਤਾ ਗਿਆ ਹੈ।

ਪਿਛਲੇ ਸਾਲ ਫਿਲਮ 'ਵਿਕਟੋਰੀਆ ਅਤੇ ਅਬਦੁਲ' ਰਿਲੀਜ਼ ਹੋਣ ਨਾਲ ਐਸਬੌਰਨ ਮਹਿਲ ਦੀ ਲੋਕਪ੍ਰਿਯਤਾ ਬਹੁਤ ਵੱਧ ਗਈ ਹੈ। ਦਰਸ਼ਕ ਬਹੁਤ ਆਉਣ ਲੱਗੇ ਹਨ। ਭਾਵੇਂ ਹੁਣ ਟਿੱਕਟ ਲੈ ਕੇ ਮਹੱਲ ਦੇਖਣ ਜਾਣਾ ਪੈਦਾ ਹੈ। ਇੰਗਲੈਂਡ ਤੋਂ ਫੇਅਰੀ ਰਾਹੀਂ ਇਸ ਟਾਪੂ ਤੱਕ ਪਹੁੰਚਣਾ ਪੈਂਦਾ ਹੈ। ਇਹ ਮਹੱਲ ਇੰਗਲੈਂਡ ਦੀਆਂ ਹੋਰ ਸੁੰਦਰ ਥਾਵਾਂ ਦੀ ਤਰ੍ਹਾਂ



ਧੀਆਂ

ਸੀਤਲ ਸਿੰਘ ਸੈਣੀ
ਲੁਧਿਆਣਾ

ਤੂੰ ਕਾਹਨੂੰ ਵੱਢਦੀ ਏਂ ਨੀ ਅੰਮੀਏ,
ਵਿਚ ਕੁੱਖਾਂ ਦੇ ਧੀਆਂ।
ਤੂੰ ਕਾਹਨੂੰ ਵੱਢਦਾ ਏਂ ਬਾਬਲਾ,
ਵਿੱਚ ਕੁੱਖਾਂ ਦੇ ਧੀਆਂ।
ਬਨਣ ਧੀਆਂ ਫਿਰ ਮਾਂ ਵਡਾਣੀ,
ਜੰਮਣ ਰਾਜੇ ਤਾਜ ਸੁਜਾਣੀ।
ਕਿਧਰੇ ਜਨਮੇ ਭਗਤ ਮਹਾਨੀ,
ਕਰਮੀ ਬੱਧੈ ਧੁਰੋਂ ਨਿਸ਼ਾਨੀ।
ਤੇਰੇ ਬੋਝੇ ਕੀ ਉਹ ਖੋਲ੍ਹਣ,
ਵਿੱਚ ਦੁੱਖਾਂ ਦੇ ਧੀਆਂ।
ਤੂੰ ਕਾਹਨੂੰ ਵੱਢਦੀ ਏਂ ਨੀ ਅੰਮੀਏ.....।

ਹੁਕਮੀ ਨਿਮੀਏ ਸੁਣ ਤੂੰ ਅੰਮੀਏ,
ਕਿਹੜੇ ਲਾਲ ਤੂੰ ਭਾਲੇਂ ਅੰਮੀਏ।
ਸੋਚ ਪੁੱਤ-ਧੀ ਇਕਹੀ ਅੰਮੀਏ,
ਰਿਜ਼ਕ ਧੁਰੋਂ ਲੈ ਜੰਮਦੇ ਅੰਮੀਏ।
ਰੱਖ ਲੈ ਕੁੱਖੀਂ ਖੁਸ਼ੀ ਮਨਾ ਲੈ,
ਹੱਸਣ ਵਿੱਚ ਮੁਖਾਂ ਦੇ ਧੀਆਂ।
ਤੂੰ ਕਾਹਨੂੰ ਵੱਢਦੀ ਏਂ ਨੀ ਅੰਮੀਏ.....।
ਅੰਮੀਏ ਧੀਆਂ ਧਨ ਬਿਗਾਨੀ,
ਇਹਨਾਂ ਅੱਗੇ ਅੰਸ਼ ਵਧਾਨੀ।
ਬਨਣ ਧੀਆਂ ਗਲ ਹਾਰ ਜਵਾਨੀ,
ਮਾਪੀਂ ਸੇਵਾ ਤੇ ਚਾਲੇ-ਪਾਨੀ।
ਰੱਬੀ ਰੂਪ ਤੇ ਠੰਢੀਆਂ ਛਾਵਾਂ,
ਵਾਂਗ ਰੁੱਖਾਂ ਦੇ ਧੀਆਂ।
ਤੂੰ ਕਾਹਨੂੰ ਵੱਢਦੀ ਏਂ ਨੀ ਅੰਮੀਏ.....।
ਪਾਵਣ ਵਿਦਿਆ ਸੋਭਾ ਸਾਰੇ,
ਭਾਗ ਕੌਰ ਵਿੱਚ ਜੰਗ ਲਲਕਾਰੇ।
ਰਾਣੀ ਝਾਂਸੀ ਰਣ ਚਮਕਾਰੇ,
ਭੀਲਣੀ ਮਾਤਾ ਮੀਰਾਂ ਭਗਤਾਰੇ।
ਛੱਡ ਕੁਮੱਤ ਕਰ ਜੋਦੜੀ,
ਵੱਸਣ ਵਿੱਚ ਸੁੱਖਾਂ ਦੇ ਧੀਆਂ।
ਤੂੰ ਕਾਹਨੂੰ ਵੱਢਦੀ ਏਂ ਨੀ ਅੰਮੀਏ.....।

* ਲੇਖਕ ਦਾ ਮੂਲ ਪਿੰਡ ਜ਼ਿਲ੍ਹਾ ਜਲੰਧਰ ਵਿੱਚ ਲਸਾੜਾ ਹੈ, ਉਹ ਗੁਰਦੁਆਰਾ ਕੋਟ ਪੁਰਾਣ ਹੈੱਡ ਦਰਬਾਰ, ਰੂਪਨਗਰ ਦੇ ਸੰਸਥਾਪਕ ਸੰਤ ਸ਼ਾਦੀ ਸਿੰਘ ਜੀ ਦੇ ਅਨਿਨ ਸ਼ਰਧਾਲੂ ਹਨ। ਉਨ੍ਹਾਂ ਨੇ ਸੰਤਾਂ ਦੀ ਜੀਵਨ ਲੀਲਾ ਬਾਰੇ ਪੁਸਤਕ "ਮਹਿਮਾ ਸਾਧੂ ਸੰਗ ਦੀ" ਲਿਖੀ ਹੈ।

❋ ❋ ❋ ❋ ❋



DONORS OF REGULAR SCHOLARSHIPS

Year 2018-19

Balbir Singh Saini
Rupnagar

Sr.No	Name Of Donor	Address	Amount Donated (Rs.)
1.	Late.Sh.L.R.Mundra	Haveli Kalan,Rupnagar	70,00,000 2,49,897
2.	Lt.Col.G.R.Saini (Retd.)	Hoshiarpur	20,45,000
3.	S.Baldev Singh Mundra	Kondivali-East,Mumbai	16,02,111
4.	S.Hardev Singh Saini	Flemington (U.S.A.)	11,00,000
5.	Advocate Lajpat Rai Saini	East of Kailash,New Delhi	3,49,000
6.	S.Tekpal Singh Saini	Faridabad (Haryana)	2,61,000
7.	Smt.Baldev Chaudhry	Rupnagar	2,07,000
8	Mrs.Rajinder Kaur	Mohali	2,00,000
9.	Dr.Rajwant Singh	Mohali	2,00,000
10.	S.Gurmukh Singh Saini (M.C.)	Rupnagar	1,61,000
11.	Sh.B.R.Tumber	New Delhi	1,46,200
12.	S.Charan Singh Saini	Mohali	1,03,000
13.	Dr.Jaswant Kaur Saini	Rupnagar	1,00,000
14.	Sh.Ujjal Dosanjh	Vancouvre (Canada)	1,00,000
15.	Thekedar Gurmeet Singh Jattana	Chandigarh	1,00,000
16.	S. Trilochan Singh Saini	Bhopal	93,500
17.	Mrs.Gurjinder Kaur	Hoshiarpur	125,000
18.	Smt.Ranjit Kaur Girn	California (USA)	77,000
19.	S. Bhag Singh Saini	Noida	57,300
20.	S.Baldev Singh Saini	Bhopal	51,000
21.	S.Gurinder Singh Toni	Rupnagar	50,000
22.	S.Jasbir Singh	Vancouvre (Canada)	50,000
23.	Smt.Damyanti Saini	Bhopal	50,000
24.	Sh.Ajit Saini	North Carollina (USA)	30,100
25.	S.Sher Singh	Rupnagar	25,000
26	Sh.Satish Saini	Rupnagar	15,000

FIVE YEAR MEMBERS OF "SAINI SANSAR"

Continued from page No. 17 of 30th Issue

752. S. Surinder Singh
Vill. Dakala, P.O Laudhimajra, Ropar

753. S. M.S. Saggi
24, Dashmesh Nagar, Jalandhar

754. S. Bhupinder Singh
52, St. No. 11A, Hargobind Nagar, Ropar

755. S. Hardeep Singh
#29, St. No. 1, Hargobind Nagar, Ropar

756. S. Piara Singh
VPO Lassara

757. S. Hakam Singh Rahiu
10, Dashmesh Colony, Ropar

758. Smt. Jasvir Kaur Saini
#12152, Ram Nagar, Ludhiana

759. S. Bhagwan Singh
Panchkula

760. S. Tajinder Singh
Vill. Haveli Khurd, Distt. Ropar



ਦੇਸ਼ - ਪ੍ਰੇਮ

ਡਾ. ਅਜਮੇਰ ਸਿੰਘ ਤੰਬੜ

ਰੂਸ ਦੇ ਦੱਖਣੀ ਭਾਗ ਵਿੱਚ ਕੈਸਪੀਅਨ ਸਾਗਰ ਦੇ ਕਿਨਾਰੇ ਸਥਿਤ ਹੈ 'ਰਿਪਬਲਿਕਨ ਆਫ ਦਾਗਿਸਤਾਨ'। ਕਾਕੇਸ਼ੀਆ ਖਿੱਤੇ ਦੀ ਇਹ ਧਰਤੀ ਤਿੰਨ ਪਾਸਿਆਂ ਤੋਂ ਜਾਰਜੀਆ, ਚੇਚਨੀਆਂ ਅਤੇ ਅਜ਼ਰਬਾਈਜ਼ਾਨ ਦੇਸ਼ਾਂ ਵਿਚਕਾਰ ਘਿਰੀ ਹੋਈ ਹੈ। ਤੁਰਕੀ ਭਾਸ਼ਾ ਵਿੱਚ 'ਦਾਗ' ਦਾ ਅਰਥ ਹੈ 'ਪਹਾੜ' ਅਤੇ 'ਸਤਾਨ' ਦਾ ਅਰਥ ਹੈ 'ਦੇਸ਼'ਜਾਂ'ਖੇਤਰ'। ਇਸ ਲਈ ਇਹ ਸਾਰਾ ਪਹਾੜੀ ਇਲਾਕਾ ਹੈ ਜਿਸ ਵਿੱਚ ਕਬਾਇਲੀ ਲੋਕ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਗਿਣਤੀ ਮੁਸਲਮਾਨ ਹਨ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਏਸ਼ੀਆ ਅਤੇ ਯੂਰਪ ਮਹਾਂਦੀਪਾਂ ਦੀਆਂ ਹੱਦਾਂ ਮਿਲਦੀਆਂ ਹਨ। ਪੰਜਾਹ ਕੁ ਹਜ਼ਾਰ ਵਰਗ ਕਿਲੋਮੀਟਰ ਖੇਤਰ ਵਿੱਚ ਫੈਲੇ ਇਸ ਦੇਸ਼ ਦੀ ਆਬਾਦੀ ਤੀਹ ਕੁ ਲੱਖ ਹੈ। ਇੱਥੋਂ ਦੇ ਲੋਕ ਸਦੀਆਂ ਤੱਕ ਆਪਣੀ ਆਜ਼ਾਦ ਹੋਂਦ ਕਾਇਮ ਰੱਖਣ ਲਈ ਲੜਦਿਆਂ ਬਾਕੀ ਦੁਨੀਆਂ ਨਾਲੋਂ ਟੁੱਟੇ ਰਹਿਣ ਕਾਰਨ ਆਧੁਨਿਕ ਸਿੱਖਿਆ ਅਤੇ ਸੁਖ-ਸਹੂਲਤਾਂ ਤੋਂ ਵਾਂਝੇ ਰਹੇ। ਸੰਨ 1921 ਵਿੱਚ ਇਹ ਲੋਕ ਸੋਵੀਅਤ ਯੂਨੀਅਨ ਦਾ ਹਿੱਸਾ ਬਣ ਕੇ ਤਰੱਕੀ ਦੇ ਰਾਹ ਪਏ ਹਨ।

ਦਾਗਿਸਤਾਨੀ ਪਹਾੜਾਂ ਦੇ ਐਨ ਵਿਚਕਾਰ ਵਿਸ਼ਾਲ ਵਾਦੀ ਦੇ ਬਿਲਕੁਲ ਕੰਢੇ ਉੱਤੇ ਅਵਾਰ ਕਬੀਲੇ ਦਾ ਪਿੰਡ ਤਸਾਦਾ ਸਥਿਤ ਹੈ ਜਿੱਥੇ ਦਾ ਪ੍ਰਸਿੱਧ ਲੋਕ ਕਵੀ ਹਮਜ਼ਾਤ ਤਸਾਦਾਸਾ ਹੋਇਆ ਹੈ। ਉਸ ਦੇ ਘਰ 1923 ਵਿੱਚ ਰਸੂਲ ਹਮਜ਼ਾਤੋਜ਼ ਪੈਦਾ ਹੋਇਆ ਜਿਸ ਨੇ ਆਪਣੀ ਮਾਂ-ਬੋਲੀ ਵਿੱਚ ਚਾਲੀ ਦੇ ਲਗਭਗ ਕਾਵਿ-ਸੰਗ੍ਰਹਿ ਲਿਖੇ ਜੋ ਦੁਨੀਆਂ ਦੀਆਂ ਦਰਜਣਾਂ ਜ਼ੁਬਾਨਾਂ ਵਿੱਚ ਛਪ ਚੁੱਕੇ ਹਨ। ਰਸੂਲ ਹਮਜ਼ਾਤੋਜ਼ ਦੀ ਇੱਕ ਹੀ 1970 ਵਿੱਚ ਲਿਖੀ ਵਾਰਤਕ ਪੁਸਤਕ ਹੈ ਜਿਸ ਦਾ ਪੰਜਾਬੀ ਅਨੁਵਾਦ-'ਮੇਰਾ ਦਾਗਿਸਤਾਨ' ਦੋ ਭਾਗਾਂ ਵਿੱਚ ਛਪਿਆ ਹੈ। ਇਸ ਵਿੱਚ ਲੇਖਕ ਨੇ ਆਪਣੇ ਲੋਕਾਂ ਦੇ ਦੇਸ਼-ਪ੍ਰੇਮ, ਸੱਭਿਆਚਾਰ ਅਤੇ ਮਾਂ-ਬੋਲੀ ਪ੍ਰਤਿ ਸਨੇਹ ਨੂੰ ਬਹੁਤ ਹੀ ਭਾਵਪੂਰਤ ਸ਼ੈਲੀ ਵਿੱਚ ਪ੍ਰਗਟ ਕੀਤਾ ਹੈ। ਇਸ ਦੇ ਕੁੱਝ ਅੰਸ਼ ਇੱਥੇ ਦਿੱਤੇ ਜਾ ਰਹੇ ਹਨ।

"... ਸਾਡੇ ਇੱਥੇ ਇੱਕ ਪੁਰਾਣਾ ਕਿੱਸਾ ਹੈ। ਇੱਕ ਨੌਜਵਾਨ ਨੂੰ ਕਿਸੇ ਦੂਸਰੀ ਨਸਲ ਦੀ ਮੁਟਿਆਰ ਨਾਲ ਮੁਹੱਬਤ ਹੋ ਗਈ ਤੇ ਉਹਨੇ ਉਹਦੇ ਨਾਲ ਵਿਆਹ ਕਰਨ ਦਾ ਫੈਸਲਾ ਕਰ ਲਿਆ। ਮੁਟਿਆਰ ਨੇ ਆਖਿਆ, ' ਮੈਂ ਤੇਰੇ ਨਾਲ ਉਦੋਂ ਵਿਆਹ ਕਰਾਵਾਂਗੀ ਜਦੋਂ ਤੂੰ ਮੇਰੀਆਂ ਸੌ ਖਾਹਿਸ਼ਾਂ ਪੂਰੀਆਂ ਕਰ ਦੇਵੇਂਗਾ'। ਨੌਜਵਾਨ ਉਹਦੇ ਖਬਤ ਪੂਰੇ ਕਰਨ ਲੱਗਾ। ਸਭ ਤੋਂ ਪਹਿਲਾਂ ਉਸ ਨੇ ਨੌਜਵਾਨ ਨੂੰ ਅਜਿਹੀ ਚਟਾਨ ਉੱਤੇ ਚੜ੍ਹਨ ਲਈ ਮਜ਼ਬੂਰ ਕੀਤਾ ਜਿਸ ਵਿੱਚ ਪੈਰ ਅੜਾਉਣ ਵਾਸਤੇ ਵੀ ਕੋਈ ਥਾਂ ਨਹੀਂ ਸੀ। ਇਸ ਤੋਂ ਬਾਅਦ ਇਸ ਚਟਾਨ ਤੋਂ ਹੇਠਾਂ ਛਾਲ ਮਾਰਨ ਲਈ ਕਿਹਾ। ਨੌਜਵਾਨ ਨੇ ਛਾਲ ਮਾਰ ਦਿੱਤੀ। ਉਹ ਦੀ ਲੱਤ ਉੱਤੇ ਸੱਟ ਲੱਗੀ। ਮੁਟਿਆਰ ਨੇ ਤੀਜੀ ਸ਼ਰਤ ਦੱਸੀ ਪਈ ਉਹ ਲੰਗੜਾਏ ਬਿਨਾਂ ਤੁਰੇ। ਖੈਰ ਨੌਜਵਾਨ ਨੇ ਲੰਗਵਾਉਣਾ ਬੰਦ ਕਰ ਦਿੱਤਾ। ਮੁਟਿਆਰ ਨੇ ਉਹ ਨੂੰ ਤਰ੍ਹਾਂ ਤਰ੍ਹਾਂ ਦੇ ਕੰਮ ਸੌਂਪੇ , ਜਿਵੇਂ ਖੁਰਜੀ ਨੂੰ ਭਿੱਜਣ ਨਾ ਦੇ ਕੇ ਤੈਰਦਿਆਂ ਹੋਇਆਂ ਨਦੀ ਨੂੰ ਪਾਰ ਕਰੇ। ਸਰਪਟ ਦੌੜਦੇ ਆਉਂਦੇ ਘੋੜੇ ਨੂੰ ਰੋਕ ਦੇਵੇ। ਘੋੜਿਆਂ ਨੂੰ ਗੋਡਿਆਂ ਭਾਰ ਹੋਣ ਲਈ ਮਜ਼ਬੂਰ ਕਰੇ। ਇੱਥੋਂ ਤੱਕ ਕਿ ਉਹ ਉਸ ਸੇਬ ਨੂੰ ਵੀ ਕੱਟ ਦੇਵੇ ਜਿਹਨੂੰ ਮੁਟਿਆਰ ਨੇ ਆਪਣੀ ਛਾਤੀ ਉੱਤੇ ਰੱਖ ਲਿਆ ਸੀ।..... ਨੌਜਵਾਨ ਨੇ 99 ਹੁਕਮ ਪੂਰੇ ਕਰ ਦਿੱਤੇ। ਸਿਰਫ ਇੱਕ ਹੀ ਬਾਕੀ ਰਹਿ ਗਿਆ। ਫਿਰ ਮੁਟਿਆਰ ਨੇ ਕਿਹਾ,-' ਹੁਣ ਤੂੰ ਆਪਣੀ ਮਾਂ, ਪਿਓ ਤੇ ਬੋਲੀ ਨੂੰ ਭੁੱਲ ਜਾ'। ਇਹ ਸੁਣਦਿਆਂ ਹੀ ਨੌਜਵਾਨ ਛਾਲ ਮਾਰ ਕੇ ਘੋੜੇ 'ਤੇ ਸਵਾਰ ਹੋ ਗਿਆ ਤੇ ਸਦਾ ਸਦਾ ਲਈ ਮੁਟਿਆਰ ਨਾਲੋਂ ਨਾਤਾ ਤੋੜ ਕੇ ਚਲਾ ਗਿਆ"।

"... ਸੈਕੜੇ ਸਾਲਾਂ ਤੋਂ ਪਹਾੜੀ (ਦਾਗਿਸਤਾਨੀ) ਆਦਮੀ ਯਾਤਰਾ ਕਰ ਰਿਹਾ ਹੈ। ਜਦੋਂ ਉਹ ਕਿਤੇ ਜਾਂਦਾ ਹੈ ਤਾਂ ਉਹ ਆਪਣੇ ਗਧੇ ਨੂੰ ਲਾਜ਼ਮੀ ਨਾਲ ਲੈ ਕੇ ਜਾਂਦਾ ਹੈ। ਗਧੇ ਦੀ ਪਿੱਠ 'ਤੇ ਹਮੇਸ਼ਾਂ ਤਿੰਨ ਚੀਜ਼ਾਂ ਲੱਦੀਆਂ ਹੁੰਦੀਆਂ ਹਨ- ਕਿਸੇ ਚੀਜ਼ ਨਾਲ ਭਰੀ ਹੋਈ ਵੱਡੀ ਬੋਰੀ, ਗਾਗਰ ਅਤੇ ਖੱਲ ਦਾ ਬਣਿਆਂ ਹੋਇਆ ਸ਼ਰਾਬ ਦਾ ਥੈਲਾ। ਇਸ ਸਬੰਧੀ ਇੱਕ ਕਹਾਣੀ ਹੈ- 'ਇੱਕ ਵੇਰ ਕੁੱਝ ਖਾਂਦੇ-ਪੀਂਦੇ ਅਤੇ ਨਿਕੰਮੇ ਨੌਜਵਾਨਾਂ ਨੇ ਕਿਸੇ ਗਧੇ ਦੇ ਮਾਲਕ ਯਾਤਰੀ ਨੂੰ ਪੁੱਛਿਆ-

' ਤੇਰੇ ਗਧੇ ਉੱਤੇ ਕੀ ਲੱਦਿਆ ਹੋਇਆ? ਇਹ ਤੂੰ ਸਾਨੂੰ ਵੇਚ ਦੇਹ'।

' ਇਹ ਨੂੰ ਖਰੀਦਣ ਜੋਗਾ ਨਾ ਤਾਂ ਤੁਹਾਡੇ ਕੋਲ ਸੋਨਾ ਹੋਣਾ ਤੇ ਨਾ ਹੀ ਚਾਂਦੀ'।

' ਤੂੰ ਇਹ ਦੀ ਕੀਮਤ ਦੱਸ ਫਿਰ ਵੇਖੀ ਜਾਊਗੀ'।

' ਇਹ ਦੀ ਕੋਈ ਕੀਮਤ ਨਹੀਂ ਹੋ ਸਕਦੀ'।

' ਤੇਰੀ ਬੋਰੀ ਵਿੱਚ ਇਹੋ ਜਿਹੀ ਕਿਹੜੀ ਚੀਜ਼ ਹੈ ਜਿਹਦੀ ਕੀਮਤ ਨਹੀਂ ਹੋ ਸਕਦੀ ?'

' ਮੇਰਾ ਵਤਨ, ਮੇਰਾ ਦਾਗਿਸਤਾਨ'।

'ਗਧੇ ਦੀ ਪਿੱਠ 'ਤੇ ਵਤਨ ਲੱਦਿਆ ਹੋਇਐ'। ਜਵਾਨ ਠਹਾਕਾ ਮਾਰ ਕੇ ਹੱਸ ਪਏ। ' ਜ਼ਰਾ ਵਿਖਾਈਂ ਤਾਂ ਆਪਣਾ ਵਤਨ'।

ਪਹਾੜੀ ਆਦਮੀ ਨੇ ਬੋਰੀ ਖੋਲ੍ਹੀ ਅਤੇ ਜਵਾਨਾਂ ਨੂੰ ਉਸ ਵਿੱਚ ਆਮ ਮਿੱਟੀ ਦਿਸੀ। ਪਰ ਇਹ ਆਮ ਮਿੱਟੀ ਨਹੀਂ ਸੀ। ਇਸ ਵਿੱਚ ਤਿੰਨ ਚੌਥਾਈ ਕੰਕਰ-ਪੱਥਰ ਸਨ।

' ਬੱਸ ਇਹੀਓ ਕੁੱਝ ਏ ਇਹ ਦੇ ਵਿੱਚ। ਇਹੀ ਏ ਤੇਰਾ ਖਜ਼ਾਨਾ ?'

' ਆਹੋ, ਇਹ ਮੇਰੇ ਪਹਾੜਾਂ ਦੀ ਮਿੱਟੀ ਏ, ਇਹ ਮੇਰੇ ਪਿਤਾ ਜੀ ਦੀ ਪਹਿਲੀ ਪ੍ਰਾਰਥਨਾ, ਮੇਰੀ ਮਾਂ ਦਾ ਪਹਿਲਾ ਹੰਝੂ, ਮੇਰੀ ਪਹਿਲੀ ਕਸਮ ਅਤੇ ਮੇਰੇ ਦਾਦਾ ਦੀ ਛੱਡੀ ਆਖਰੀ ਚੀਜ਼ ਏ ਜਿਹੜੀ ਮੈਂ ਆਪਣੇ ਪੋਤੇ ਲਈ ਛੱਡ ਜਾਵਾਂਗਾ'।

' ਤੇ ਐਹ ਦੂਜੀ ਚੀਜ਼ ਕੀ ਏ ?'

'ਪਹਿਲਾਂ ਮੈਨੂੰ ਆਪਣੀ ਬੋਰੀ ਬੰਨ੍ਹ ਲੈਣ ਦਿਓ'।

ਬੋਰੀ ਬੰਨ੍ਹ ਕੇ ਅਤੇ ਉਹਨੂੰ ਗਧੇ ਦੀ ਪਿੱਠ 'ਤੇ ਟਿਕਾ ਕੇ ਪਹਾੜੀ ਆਦਮੀ ਨੇ ਗਾਗਰ ਦਾ ਢੱਕਣ ਲਾਹਿਆ। ਸਾਰਿਆਂ ਨੇ ਵੇਖਿਆ ਕਿ ਉਹ ਦੇ ਵਿੱਚ ਆਮ ਪਾਣੀ ਹੈ। ਏਨਾ ਹੀ ਨਹੀਂ ਇਹ ਪਾਣੀ ਤਾਂ ਕੁੱਝ ਕੁਝ ਲੂਣਾ ਵੀ ਸੀ।

' ਤੂੰ ਇਹੋ ਜਿਹਾ ਪਾਣੀ ਆਪਣੇ ਨਾਲ ਲਈ ਫਿਰਨੈ ਜਿਹਨੂੰ ਪੀਣਾ ਵੀ ਸੰਭਵ ਨਹੀਂ'।

' ਇਹ ਕਾਸਪੀ ਸਾਗਰ ਦਾ ਪਾਣੀ ਏ'।

' ਤੂੰ ਆਪਣੇ ਨਾਲ ਇਹ ਭਾਰ ਕਾਹਨੂੰ ਲਈ ਫਿਰਨੈ?'

'ਇਸ ਲਈ ਕਿ ਮੇਰੀ ਮਾਤਭੂਮੀ, ਮੇਰਾ ਵਤਨ ਹਮੇਸ਼ਾ ਮੇਰੇ ਨਾਲ ਰਹੇ। ਜੇ ਕਿਤੇ ਰਾਹ 'ਚ ਮੈਨੂੰ ਮੌਤ ਆ ਜਾਏ ਤਾਂ ਮੇਰੀ ਕਬਰ ਉੱਤੇ ਇਹ ਮਿੱਟੀ ਪਾ ਦਿੱਤੀ ਜਾਏ ਅਤੇ ਕਬਰ ਉੱਤੇ ਲਾਏ ਜਾਣ ਵਾਲੇ ਪੱਥਰ ਨੂੰ ਸਾਗਰ ਦੇ ਇਸ ਪਾਣੀ ਨਾਲ ਧੋ ਦਿੱਤਾ ਜਾਏ'।

ਪਹਾੜੀ ਆਦਮੀ ਨੇ ਆਪਣੇ ਵਤਨ ਦੀ ਮਿੱਟੀ ਦੀ ਚੁੱਟਕੀ ਲਈ, ਉਹ ਨੂੰ ਉਂਗਲਾਂ 'ਤੇ ਮਲਿਆ ਤੇ ਫਿਰ ਉਂਗਲਾਂ ਨੂੰ ਸਾਗਰ ਦੇ ਪਾਣੀ ਨਾਲ ਧੋ ਦਿੱਤਾ।... ਪਹਾੜੀ ਆਦਮੀ ਅਗਾਂਹ ਨੂੰ ਤੁਰ ਪਿਆ। ਉਸ ਦਾ ਸਫਰ ਅਜੇ ਵੀ ਜਾਰੀ ਹੈ''।

ਰਸੂਲ ਹਮਜ਼ਾਤੋਵ ਆਪਣੇ ਲੋਕਾਂ ਦੀ ਅਨਪ੍ਰੜਤਾ 'ਤੇ ਝੁਰਦਿਆਂ ਲਿਖਦਾ ਹੈ, '' ਦਾਗਿਸਤਾਨ ਨੇ ਆਪਣੀ ਜਹਾਲਤ, ਪੱਛੜੇਪਨ ਅਤੇ ਅਗਿਆਨਤਾ ਕਾਰਨ ਆਪਣੇ ਕਿੰਨੇ ਬੱਚਿਆਂ ਨੂੰ ਨਸ਼ਟ ਕਰ ਸੁੱਟਿਆ ਹੈ।...ਅਸੀਂ ਤਲਵਾਰ ਬੰਨ੍ਹਣ, ਘੋੜੇ ਉੱਤੇ ਜ਼ੀਨ ਕੱਸਣ, ਛਾਲ ਮਾਰ ਕੇ ਘੋੜੇ ਉੱਤੇ ਸਵਾਰ ਹੋਣ ਅਤੇ ਮੈਦਾਨੇ ਜੰਗ ਵਿੱਚ ਪਹੁੰਚਣ ਵਿੱਚ ਕਦੇ ਦੇਰ ਨਹੀਂ ਲਾਉਂਦੇ ਸਾਂ।...ਪਰ ਅਸੀਂ ਮਾਮੂਲੀ ਅੱਖਰਾਂ ਨੂੰ ਵੀ ਸਮਝਣ ਵਿੱਚ ਬਹੁਤ ਦੇਰੀ ਲਾ ਦਿੱਤੀ।...ਮੈਂ ਬਹੁਤ ਦੁਖੀ ਮਨ ਨਾਲ ਦਾਗਿਸਤਾਨ ਬਾਰੇ ਸੋਚ ਰਿਹਾ ਜਿਸ ਨੇ ਕਿਤਾਬਾਂ ਅਤੇ ਲਿਖਤ ਭਾਸ਼ਾ ਤੋਂ ਬਿਨਾਂ ਹਜ਼ਾਰਾਂ ਸਾਲ ਬਿਤਾ ਦਿੱਤੇ ਸਨ। ਸਮੇਂ ਦੀ ਛਾਨਣੀ ਵਿੱਚੋਂ ਇਤਿਹਾਸ ਛਣਦਾ ਰਿਹਾ ਅਤੇ ਉਸ ਦੇ ਜ਼ਰਾ ਵੀ ਨਿਸ਼ਾਨ ਬਾਕੀ ਨਹੀਂ ਰਹੇ। ਸਿਰਫ ਧੁੰਦਲੀਆਂ ਬਾਤਾਂ ਅਤੇ ਗੀਤ ਹੀ ਸਨ ਜੋ ਹਮੇਸ਼ਾਂ ਪਰਮਾਣਿਕ ਨਹੀਂ ਹੁੰਦੇ ਸਨ। ਇੱਕ ਵਿਅਕਤੀ ਦੇ ਮੂੰਹ ਤੋਂ ਦੂਜੇ ਵਿਅਕਤੀ ਦੇ ਮੂੰਹ ਤੱਕ, ਇੱਕ ਹਿਰਦੇ ਤੋਂ ਦੂਜੇ ਹਿਰਦੇ ਤੱਕ ਜਾਂਦਿਆਂ ਹੋਇਆਂ ਸਾਡੇ ਕੋਲ ਪਹੁੰਚਦੇ ਰਹੇ''।



ਚੁੰਢੀਆਂ

ਮਾਈਕ ਤੇ ਵਾਈਫ

ਬਲਬੀਰ ਸਿੰਘ ਸੈਣੀ
ਨੰਗਲ

ਮਾਈਕ ਦੇ ਸਾਹਮਣੇ ਖੜ੍ਹ ਕੇ ਬੋਲਿਆ ਜਾ ਸਕਦਾ ਹੈ।

ਮਾਈਕ ਨੂੰ ਕੱਦ ਮੁਤਾਬਿਕ ਉੱਚਾ ਜਾਂ ਨੀਵਾਂ ਕੀਤਾ ਜਾ ਸਕਦਾ ਹੈ।

ਮਾਈਕ ਇੱਕ ਦੀ ਜਗ੍ਹਾ ਕਈ ਵੀ ਰੱਖੇ ਜਾ ਸਕਦੇ ਹਨ।

ਮਾਈਕ ਖਰਾਬ ਹੋ ਜਾਵੇ ਤਾਂ ਬਦਲਿਆ ਵੀ ਜਾ ਸਕਦਾ ਹੈ।

ਮਾਈਕ ਸੜ ਜਾਵੇ ਤਾਂ ਆਪਣੇ ਆਪ ਬੰਦ ਹੋ ਜਾਂਦਾ ਹੈ।

ਮਾਈਕ ਨਾ ਹੋਵੇ ਤਾਂ ਮੰਗ ਕੇ ਵੀ ਕੰਮ ਚਲਾਇਆ ਜਾ ਸਕਦਾ ਹੈ।

ਮਾਈਕ ਦੇ ਸਵਿੱਚ ਲੱਗਿਆ ਹੁੰਦਾ ਹੈ ਜਿਸ ਰਾਹੀਂ ਉਸ ਦੀ ਆਵਾਜ਼ ਬੰਦ ਕੀਤੀ ਜਾ ਸਕਦੀ ਹੈ।

ਮਾਈਕ ਨੂੰ ਚੁੱਕ ਕੇ ਲੈ ਜਾਣ ਸਮੇਂ ਕੋਈ ਪੁੱਛ-ਪੜਤਾਲ ਨਹੀਂ ਹੁੰਦੀ।

ਪਰ ਵਾਈਫ.....।

ਮਾਂ ਬੋਲੀ ਪੰਜਾਬੀ ਦੀ ਅਮੀਰੀ

ਵੱਟ

- ਅੱਜ ਤਾਂ ਉਹ ਨੇ ਅਹਿ ਕੰਮ ਕਰ ਕੇ 'ਵੱਟ' ਕੱਢ ਦਿੱਤੇ।
- ਅੱਜ ਬੜਾ 'ਵੱਟ' ਐ।
- ਕਮੀਜ਼ ਨੂੰ ਬਹੁਤ 'ਵੱਟ' ਪੈ ਗਏ ਹਨ।
- ਆ ਜਾ ਏਧਰ 'ਵੱਟੇ-ਵੱਟ' ਚੱਲੀਏ।
- ਅਹਿ ਮੇਰੀ ਕਿਤਾਬ ਤੇਰੇ ਨਾਲ 'ਵੱਟ' ਗਈ ਸੀ।
- ਰੱਸੀ ਜਲ ਗਈ ਪਰ 'ਵੱਟ ਨਾ ਗਏ'।
- ਚੱਜ ਦੀ ਗੱਲ ਕਰ, ਐਵੇਂ 'ਵੱਟ' ਨਹੀਂ ਖਾਈਦਾ।
- ਐਵੇਂ ਮੁੱਛਾਂ ਨੂੰ 'ਵੱਟ' ਨਾ ਚਾੜ੍ਹੀ ਜਾ।
- ਇਹ ਦੇ 'ਵੱਟ' ਕੇ ਮਾਰ, ਤਾਂ ਹੀ ਪਤਾ ਚੱਲੂ।
- ਕੁੱਝ 'ਵੱਟ' ਕੇ ਵੀ ਲਿਆਇਐਂ ਕਿ ਖਾਲੀ ਹੱਥ ਆ ਗਿਐਂ?

❋ ❋ ❋ ❋ ❋

ਇੱਕ ਮਾਂ ਧਰਤੀ, ਇੱਕ ਮਾਂ ਬੋਲੀ,
ਇੱਕ ਜੰਮਣ ਵਾਲੀ ਮਾਂ।
ਸ਼ਹਿਨਸ਼ਾਹ ਹੈ ਓਹ ਬੰਦਾ,
ਜਿਸਦੇ ਸਿਰ 'ਤੇ ਹੁੰਦੀ,
ਤਿੰਨ ਮਾਵਾਂ ਦੀ ਛਾਂ।

– ਤ੍ਰੈਲੋਚਨ ਲੋਚੀ

A Scientific View



Importance And Relevance of Clan In Marital Alliance

Dr. Ranbir Singh Balgir
Kharar (SAS Nagar)

In the Hindu society, the term "gotra" means clan. It broadly refers to people who are descendants, in an unbroken male line, from a common male ancestor or patriline. In other words, a clan (gotra) is a group of people united by actual or perceived kinship and descent. Even, if the lineage details are unknown, clan members may be organized around a founding member or apical ancestor.

Lineage is a group that can be traced back to a common ancestor or a direct line of descent from an apical ancestor. Your family and blood relatives form a lineage which can be traced back to your ancestors. Thus, a lineage is a group of people descended in direct line from a common ancestor or ancestress. In patrilinearly organized societies, the inheritance is transferred from father to son (s).

Clans (gotras) in indigenous societies tend to be exogamous, meaning that their members cannot marry (within themselves) one another. In almost all Hindu or Sikh families, the marriage within the same gotra is not encouraged or practised since they are believed to be descended from the same family. It was considered to be a taboo and was prohibited. Marriages between the opposite gotras are, therefore, encouraged. Gotra is always prescribed at birth and passed on from father to children among most of the Hindu or Sikh communities.

At the initial stages of human development and expansion, mating with the available blood related men/women was permissible because of limited number of available mates, but subsequently, some social systems evolved/restrictions were imposed by the elders to control the incest mating. This might had been realized after observing some harmful effects leading to some illness or diseases in the offspring of the incest parents. Ever since this realization, the practice of prohibition for incest union thereafter, except in some aberrant, occasional, and rare cases, continued generation after generation till this date. However, in some communities the marriages among the blood relatives are still preferred matches due to various reasons, for example, in South India.

A common scientific justification for prohibiting incest is avoiding inbreeding, otherwise, the children of such parents with a close genetic relationship suffer by a collection of genetic disorders. Such children are at greater risk for congenital disorders, death, and developmental and physical disability, and that risk is proportional to their parents' coefficient of relationship - a measure of how close the parents are related genetically. That's why the marriages in the same gotra are forbidden due to the close connection of deoxyribonucleic acid (DNA - an extremely long macromolecule that is the main component of chromosomes and is the material that transfers genetic characteristics in all life forms) among a boy and a girl, if they belong to the same clan. People who have same gotra are considered kith and kin and the rationale given for this is to avoid same-gotra-weddings as the genetic deformities may arise due to closeness of genes.

If two docile genes, one from mother and the other from father, happen to combine then the manifestation of single gene-specific disease is sure. So far more than 1,000 such diseases have been identified and include: cystic fibrosis, phenylketonuria (PKU), galactosemia, retinoblastoma, albinism, sickle-cell anemia, thalassemia, Tay-Sachs disease, autism, growth hormone deficiency, adenosine deaminase deficiency, and juvenile muscular dystrophy. If marriages take place within the same Gotra then the risk of Recessive (hidden) Gene Disorder becomes higher.

Humans have 23 pairs of Chromosomes and in each pair one Chromosome comes from the father and the other comes from the mother. So, there are 46 Chromosomes in every cell. Of these 23 pairs, there is one pair called the Sex Chromosomes which decide the gender of the

person. If the resultant cell has XX sex chromosomes then the child will be a girl and if it is XY then the child will be a boy. However, it all depends on the health, the sperm number count, and motility of healthy sperms of the man carrying X or Y that determines boy or girl. Woman's egg does not play any role in determining boy or girl because it carries X egg of maternal or paternal origin.

It is a biological fact that only men have Y Chromosomes. So a son always gets his Y chromosome from his father and the X chromosome from his mother. But, daughters always get their X Chromosomes, one each from both father and mother. So the Y chromosome is always preserved throughout a male lineage (Father-Son-Grandson) while the X chromosome is not preserved in the female lineage (Mother-Daughter-Grand Daughter) because it comes from the parents.

Thus, marital alliance should be avoided at least in the gotra of parents, grandmother, great grandmother and great-great-grandmother to eliminate the risk chance of consanguinity and inbreeding. Additionally, efforts should also be made to go for long physical distance village/town/city seeking life partner because short distance alliance also leads to inbreeding resulting in many recessively (hidden or sleeping) inherited genetic abnormalities in the offspring. After all health of the future generation is equally important for fitness and survival!

(Sub-Castes Clans or Gotras of Sainis in next issue)

*(The Writer belongs to Saini Caste and is world level Anthropist and Writer)

❋ ❋ ❋ ❋ ❋



ਮਨਿੰਦਰ ਕੌਰ ਸੈਣੀ ਪੁੱਤਰੀ ਸ.ਰਾਜਿੰਦਰ ਸਿੰਘ ਅਤੇ ਸ਼੍ਰੀਮਤੀ ਹਰਦੀਪ ਕੌਰ ਵਾਸੀ ਅਮਰ ਕਲੋਨੀ ਰੂਪਨਗਰ, ਜਿਸ ਨੇ ਕੰਬਾਈਂਡ ਐਡਮਿਸ਼ਨ ਟੈਸਟ(ਕੈਟ) ਵਿੱਚ 99.18% ਅੰਕ ਪ੍ਰਾਪਤ ਕਰਕੇ ਆਈ.ਆਈ.ਐਮ. ਕਲਕੱਤਾ ਵਿੱਚ ਦਾਖਲਾ ਲੈਣ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਉਸ ਨੇ ਐਨ.ਆਈ.ਟੀ. ਜਲੰਧਰ ਤੋਂ ਬੀ.ਟੈਕ.ਦੀ ਡਿਗਰੀ ਹਾਸਲ ਕੀਤੀ ਹੋਈ ਹੈ।

ਦੋ ਗਜ਼ਲਾਂ



ਜਤਿੰਦਰ ਲਸਾੜਾ

ਨਫਰਤ ਦੇ ਰੰਗਾਂ 'ਚੋਂ ਕੀ ਲੱਭ ਰਿਹਾ ਏਂ ?
ਜੰਗਾਂ ਤੇ ਬੰਬਾਂ 'ਚੋਂ ਕੀ ਲੱਭ ਰਿਹਾ ਏਂ ?
ਘਰ ਖੇਤ ਦਿਲ ਸਾਰੇ ਵੰਡ ਕੇ ਸਹਾਰੇ,
ਉੱਸਰੀਆਂ ਕੰਧਾਂ 'ਚੋਂ ਕੀ ਲੱਭ ਰਿਹਾ ਏਂ ?
ਪਿਆਰਾਂ ਦੇ ਰਿਸ਼ਤੇ ਨਾ ਰੂਹਾਂ ਦੇ ਨਾਤੇ,
ਜਿਸਮਾਂ ਦੇ ਅੰਗਾਂ 'ਚੋਂ ਕੀ ਲੱਭ ਰਿਹਾ ਏਂ ?
ਧਰਤੀ ਦੀ ਹਿੱਕ ਨੂੰ ਲਹੂ ਨਾਲ ਭਰ ਕੇ,
ਕੁਦਰਤ ਦੇ ਰੰਗਾਂ 'ਚੋਂ ਕੀ ਲੱਭ ਰਿਹਾ ਏਂ ?
ਛੱਡ ਵੀ ਲਸਾੜੇ ਨਾ ਕਿਰਚਾਂ ਚੁਭੋ ਲੀਂ,
ਤਿੜਕੇ ਸਬੰਧਾਂ 'ਚੋਂ ਕੀ ਲੱਭ ਰਿਹਾ ਏਂ ?

ਤੂੰ ਤੇ ਆਖ ਕੇ ਚਲਾ ਗਿਓਂ ਕਿ ਦਿਲ 'ਚੋਂ ਕੱਢ ਦਿਆਂ।
ਇਹ ਕਿਵੇਂ ਹੋ ਸਕਦੈ, ਮੈਂ ਸਾਹ ਲੈਣਾ ਛੱਡ ਦਿਆਂ।
ਤੇਰੇ ਕੁੱਝ ਅਲਫਾਜ਼ਾਂ ਨਾਲ ਹੀ ਨੇੜ੍ਹਾ ਪਸਰ ਗਿਆ।
ਰੋਸ਼ਨੀਆਂ ਨੂੰ ਮੈਂ ਕਿੱਦਾਂ ਅੱਖੀਆਂ 'ਚੋਂ ਕੱਢ ਦਿਆਂ।
ਨਹੁਆਂ ਨਾਲੋਂ ਮਾਸ ਤਾਂ ਸ਼ਾਇਦ ਵੱਖ ਵੀ ਹੋ ਸਕਦੈ।
ਪਰ ਕਿੱਦਾਂ ਮੈਂ ਰੂਹ ਨੂੰ ਤਨ 'ਚੋਂ ਵੱਖਰਾ ਕਰ ਦਿਆਂ?
ਨਾਲ ਮਜ਼ਾਕ ਵੀ ਐਸੀ ਗੱਲ ਨਾ ਫਿਰ ਤੋਂ ਦੁਹਰਾਈਂ।
ਦਿਲ 'ਚੋਂ ਕੱਢਦੇ ਕੱਢਦੇ ਨਾ ਮੈਂ ਜਿਊਣਾ ਛੱਡ ਦਿਆਂ।
ਕਹੇ ਲਸਾੜਾ ਕੁੱਝ ਰਿਸ਼ਤੇ ਰੱਬ ਵਰਗੇ ਹੁੰਦੇ ਨੇ।
ਉਮਰਾਂ ਦੇ ਰਿਸ਼ਤੇ ਕਿੱਦਾਂ ਉਮਰਾਂ 'ਚੋਂ ਕੱਢ ਦਿਆਂ?

*(ਲਿਖਾਰੀ, ਜ਼ਿਲ੍ਹਾ ਜਲੰਧਰ ਦੇ ਪਿੰਡ ਲਸਾੜਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਹੈ ਅਤੇ ਵੈਨਕੂਵਰ(ਕੈਨੇਡਾ) ਵਿਖੇ ਇੱਕ ਕੰਪਨੀ ਦਾ ਮੈਨੇਜਿੰਗ ਸੇਲਜ਼ ਡਾਇਰੈਕਟਰ ਹੈ। ਉਸ ਦੀਆਂ ਦਰਜਨਾਂ ਗਜ਼ਲਾਂ ਯੂ.ਟਿਊਬ ,ਤੇ ਉਪਲਬਧ ਹਨ।)

❋ ❋ ❋ ❋ ❋

ਸੈਣੀ ਭਵਨ ਰੂਪਨਗਰ ਦੇ ਆਜੀਵਨ ਮੈਂਬਰ ਬਣੋ।
ਮੈਂਬਰਸ਼ਿਪ – 2500 ਰੁ:



ਸਿਰਕੱਢ ਸੈਣੀ ਸਖਸ਼ੀਅਤ

ਚੀਫ ਇੰਜਨੀਅਰ ਹਰਵਿੰਦਰ ਸਿੰਘ ਸੈਣੀ

ਦਲਜੀਤ ਸਿੰਘ ਸੈਣੀ
ਜਗਜੀਤ ਨਗਰ, ਰੂਪਨਗਰ

ਉੱਚ-ਪੱਦਵੀ ਪਾਉਣ ਲਈ ਇਹ ਜ਼ਰੂਰੀ ਨਹੀਂ ਕਿ ਵਿਅਕਤੀ ਖਾਂਦੇ-ਪੀਂਦੇ ਪਰਿਵਾਰ ਵਿੱਚ ਪੈਦਾ ਹੋਵੇ ਜਾਂ ਉਹ ਸਾਧਨ-ਸੰਪਨ ਹੋਵੇ। ਦ੍ਰਿੜ੍ਹ ਇਰਾਦੇ, ਲਗਨ ਅਤੇ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਹਰ ਵਿਅਕਤੀ ਬੁਲੰਦੀਆਂ 'ਤੇ ਪਹੁੰਚ ਸਕਦਾ ਹੈ। ਅਜਿਹਾ ਹੀ ਕਰ ਵਿਖਾਇਆ ਹੈ ਇੰਜ. ਹਰਵਿੰਦਰ ਸਿੰਘ ਸੈਣੀ ਨੇ ।

ਇੰਜ.ਐਚ.ਐਸ. ਸੈਣੀ ਦਾ ਜਨਮ 24.8.1962 ਨੂੰ ਹੁਸ਼ਿਆਰਪੁਰ ਸ਼ਹਿਰ ਵਿਖੇ ਪਿਤਾ ਸ. ਹਰਬਖਸ਼ ਸਿੰਘ ਅਤੇ ਮਾਤਾ ਸ਼੍ਰੀਮਤੀ ਸਤਵੰਤ ਕੌਰ ਦੇ ਘਰ ਹੋਇਆ। ਆਪ ਦਾ ਪਿਛੋਕੜ ਇਸ ਜ਼ਿਲ੍ਹੇ ਦੇ ਪ੍ਰਸਿੱਧ ਪਿੰਡ ਖੱਬਲਾਂ ਦਾ ਹੈ। ਆਪ ਨੇ ਸਕੂਲ-ਸਿੱਖਿਆ ਹੁਸ਼ਿਆਰਪੁਰ ਦੇ ਸਰਕਾਰੀ ਸਕੂਲ ਤੋਂ ਹਾਸਿਲ ਕਰਕੇ ਮਕੈਨੀਕਲ ਇੰਜਨੀਅਰਿੰਗ ਦੀ ਡਿਗਰੀ ਗੁਰੂ ਨਾਨਕ ਇੰਨੀਅਰਿੰਗ ਕਾਲਜ ਲੁਧਿਆਣਾ ਤੋਂ ਪ੍ਰਾਪਤ ਕੀਤੀ। ਆਪ ਨੇ ਆਪਣੀ ਮਿਹਨਤ ਤੇ ਯੋਗਤਾ ਦੇ ਬਲਬੂਤੇ ਰੋਟਾ ਡਾਇਨਾਮਿਕਸ ਇੰਜਨੀਅਰਿੰਗ ਵਿਸ਼ੇ ਵਿੱਚ ਮਾਸਟਰ ਡਿਗਰੀ ਪੰਜਾਬ ਇੰਜਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਕੀਤੀ। ਇਸ ਉੱਚ-ਯੋਗਤਾ ਨਾਲ ਸੈਣੀ ਸਾਹਿਬ ਨੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸਿੱਧੀ ਭਰਤੀ ਰਾਹੀਂ ਉੱਪ-ਮੰਡਲ ਅਫਸਰ ਦਾ ਅਹੁਦਾ ਪ੍ਰਾਪਤ ਕਰਨ ਵਿੱਚ ਸਫਲਤਾ ਪਾਈ। ਆਪ ਨੇ ਆਪਣੀ ਮਿਹਨਤ ਤੇ ਇਮਾਨਦਾਰੀ ਸਦਕਾ ਤਰੱਕੀ ਕਰ ਕੇ ਵੱਖ-ਵੱਖ ਅਹੁਦਿਆਂ 'ਤੇ ਅਤੇ ਭਿੰਨ-ਭਿੰਨ ਥਾਵਾਂ 'ਤੇ ਰਹਿ ਕੇ ਮਾਣ ਖੱਟਿਆ ਹੈ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਕਾਫੀ ਸਮਾਂ ਪੂਰੀ ਲਗਨ ਤੇ ਸੇਵਾ ਭਾਵਨਾ ਨਾਲ ਨੌਕਰੀ ਕਰਦਿਆਂ ਆਪ ਨੇ ਲੋਕਾਂ ਦੀ ਵਾਹ ਵਾਹ ਖੱਟੀ ਹੈ। ਇਹ ਸਬੱਬ ਹੀ ਹੈ ਕਿ ਆਪ ਨੇ ਨੌਕਰੀ ਦੀ ਸ਼ੁਰੂਆਤ ਰੋਪੜ ਦੇ ਥਰਮਲ ਪਲਾਂਟ ਤੋਂ ਕੀਤੀ ਅਤੇ ਹੁਣ ਇਸ ਅਦਾਰੇ ਦੀ ਹੀ ਕਮਾਨ ਸੰਭਾਲੀ ਹੈ।



ਸ਼੍ਰੀ ਸੈਣੀ ਦੀ ਪਤਨੀ ਸ਼੍ਰੀਮਤੀ ਗੁਰਮਿੰਦਰ ਕੌਰ ਸੈਣੀ ਇੱਕ ਚੰਗੀ ਗ੍ਰਹਿਣੀ ਹੋਣ ਦੇ ਨਾਲ ਨਾਲ ਸਮਾਜ ਸੇਵਕਾ ਵੀ ਹੈ। ਆਪ ਦੇ ਇੱਕ ਬੇਟਾ ਅਤੇ ਇੱਕ ਬੇਟੀ ਹੈ ਜੋ ਦੋਵੇਂ ਹੀ ਪੜ੍ਹਾਈ ਵਿੱਚ ਹਮੇਸ਼ਾਂ ਹੀ ਅੱਵਲ ਰਹਿੰਦੇ ਹਨ। ਆਪ ਬਹੁਤ ਹੀ ਮਿਲਣਸਾਰ ਅਤੇ ਹਸਮੁਖ ਇਨਸਾਨ ਹਨ ਜਿਸ ਸਦਕਾ ਆਪਣੇ ਸਾਥੀਆਂ ਵਿੱਚ ਬਹੁਤ ਮਕਬੂਲ ਹਨ। ਕੋਈ ਵੀ ਸਾਧਾਰਨ ਤੋਂ ਸਾਧਾਰਨ ਵਿਅਕਤੀ ਉਨ੍ਹਾਂ ਨੂੰ ਆਸਾਨੀ ਨਾਲ ਮਿਲ ਸਕਦਾ ਹੈ। ਇਹ ਹੀ ਕਾਰਨ ਹੈ ਕਿ ਆਪਣੀਆਂ ਮੁਸ਼ਲਕਾਂ ਦਾ ਹਲ ਕਰਵਾਉਣ ਲਈ ਇਨ੍ਹਾਂ ਪਾਸ ਆਉਣ ਵਾਲੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਹੈ। ਆਪ ਦੂਜੇ ਦਾ ਕੰਮ ਸੰਵਾਰ ਕੇ ਖੁਸ਼ੀ ਮਹਿਸੂਸ ਕਰਦੇ ਹਨ।

ਸਾਰਾ ਸੈਣੀ ਭਾਈਚਾਰਾ ਆਪ ਦੀ ਯੋਗਤਾ ਅਤੇ ਸਫਲਤਾਵਾਂ 'ਤੇ ਮਾਣ ਮਹਿਸੂਸ ਕਰਦਾ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪ ਦੀ ਰੋਪੜ ਦੇ ਥਰਮਲ ਪਲਾਂਟ ਦੇ ਮੁੱਖ ਇੰਜਨੀਅਰ ਵਜੋਂ ਹੋਈ ਨਿਯੁਕਤੀ ਦਾ ਸਵਾਗਤ ਕਰਦੇ ਹਨ ਅਤੇ ਇੱਥੇ ਆਉਣ 'ਤੇ ਜੀ ਆਇਆਂ ਆਖਦੇ ਹਨ। ਪਰਮਾਤਮਾ ਕਰੇ ਆਪ ਲੰਬਾ ਸਮਾਂ ਇਸ ਅਹੁਦੇ 'ਤੇ ਬਿਰਾਜਮਾਨ ਰਹਿ ਕੇ ਲੋਕਾਂ ਦੀ ਸੇਵਾ ਕਰਦੇ ਰਹੋ।

❋ ❋ ❋ ❋ ❋

ਵਧਾਈਆਂ

• ਸ਼੍ਰੀ ਮਦਨ ਲਾਲ ਸੈਣੀ ਰਾਜਿਸਥਾਨ ਦੀ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਯੁਕਤ ਹੋਏ ਹਨ। ਆਪ ਰਾਜ ਸਭਾ ਦੇ ਐਮ.ਪੀ ਹਨ। ਪੰਝੱਤਰ ਸਾਲ ਦੇ ਸ੍ਰੀ ਸੈਣੀ ਇਸ ਤੋਂ ਪਹਿਲਾਂ ਭਾਰਤੀ ਕਿਸਾਨ ਮੋਰਚਾ ਅਤੇ ਭਾਰਤੀ ਮਜ਼ਦੂਰ ਸੰਘ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿ ਕੇ ਆਪਣੀ ਪ੍ਰਤਿਭਾ ਦੀ ਪੈਂਠ ਪਾ ਚੁੱਕੇ ਹਨ। ਪਾਰਟੀ ਵਿੱਚ ਸੈਣੀ ਇੱਕ ਇਮਾਨਦਾਰ ਤੇ ਨਿਸ਼ਠਾਵਾਨ ਆਗੂ ਵਜੋਂ ਜਾਣੇ ਜਾਂਦੇ ਹਨ।



• ਸੋਸ਼ਲ ਸਟੱਡੀਜ਼ ਮਾਸਟਰ ਸ.ਰਵਿੰਦਰ ਸਿੰਘ ਨੂੰ ਪੰਜਾਬ ਸਰਕਾਰ ਨੇ ਵਿਸ਼ੇਸ਼ ਅਧਿਆਪਕ ਸਨਮਾਨ ਨਾਲ ਨਿਵਾਜਿਆ ਹੈ। ਆਪ ਸਰਕਾਰੀ ਸੀਨੀ.ਸੈਕੰਡਰੀ ਸਕੂਲ ਕਥੇੜਾ (ਨੰਗਲ) ਜ਼ਿਲ੍ਹਾ ਰੂਪਨਗਰ ਵਿਖੇ ਸੇਵਾ ਨਿਭਾ ਰਹੇ ਹਨ। ਇਹ ਸਨਮਾਨ ਆਪ ਨੂੰ ਕੌਮੀ ਅਧਿਆਪਕ ਦਿਵਸ ਸਮੇਂ ਜਲੰਧਰ ਵਿਖੇ ਕਰਵਾਏ ਰਾਜ ਪੱਧਰੀ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ ਹੈ। ਸ. ਰਵਿੰਦਰ ਸਿੰਘ ਆਪਣੇ ਕਿੱਤੇ ਨੂੰ ਪ੍ਰਣਾਏ ਹੋਏ ਅਤਿ ਦੇ ਮਿਹਨਤੀ ਅਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ। ਸੰਤ ਸੁਭਾ ਦੇ ਮਾਲਕ ਆਪ ਦੇ ਪਿਤਾ ਸ.ਪ੍ਰੇਮ ਸਿੰਘ ਜੀ ਨੇ ਵੀ ਬੜੀ ਲਗਨ ਨਾਲ ਅਧਿਆਪਕ ਦੀ ਸੇਵਾ ਨਿਭਾਈ ਅਤੇ ਪੂਰੇ ਸਿਰੜੀ ਨਾਲ ਸਮਾਜ ਸੇਵੀ ਕੀਤੀ। ਸੈਣੀ ਬਰਾਦਰੀ ਨੂੰ ਆਪਣੇ ਪ੍ਰਤਿਬੱਧ ਸਪੂਤ 'ਤੇ ਅੰਤਾਂ ਦਾ ਮਾਣ ਹੈ। ਸੈਣੀ ਭਵਨ ਦੇ ਪ੍ਰਬੰਧਕ ਆਪ ਦੇ ਪਰਿਵਾਰ ਨੂੰ ਵਧਾਈ ਦੇਣ ਵਿੱਚ ਮਾਣ ਮਹਿਸੂਸ ਕਰਦੇ ਹਨ।



ਆਰਥਿਕ ਸਹਾਇਤਾ ਲਈ ਹਾਰਦਿਕ ਧੰਨਵਾਦ

ਅਮਰਜੀਤ ਸਿੰਘ
ਸੈਣੀ ਭਵਨ, ਰੂਪਨਗਰ

ਸੈਣੀ ਭਵਨ ਦੇ ਸਮਾਜਸੇਵੀ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਦਾਨੀ ਸੱਜਣ ਸਮੇਂ ਸਮੇਂ ਇਸ ਸੰਸਥਾ ਦੀ ਵਿਤੀ ਸਹਾਇਤਾ ਕਰਦੇ ਰਹਿੰਦੇ ਹਨ। ਤਿਮਾਹੀ ਜੁਲਾਈ- ਸਤੰਬਰ 2018 ਦੌਰਾਨ ਵੀ ਇਸ ਸੰਸਥਾ ਨੂੰ ਭਿੰਨ ਭਿੰਨ ਮੰਤਵਾਂ ਲਈ ਭਰਪੂਰ ਧਨ ਰਾਸ਼ੀ ਪ੍ਰਾਪਤ ਹੋਈ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

1.ਐਡਵੋਕੇਟ ਬਲਦੇਵ ਸਿੰਘ ਮੁੰਦਰਾ,
ਰਿਟਾ. ਸੀ.ਐਮ.ਡੀ. ,ਓ.ਐਨ.ਜੀ.ਸੀ. ਮੁੰਬਈ= 50000 ਰੁਪਏ, ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ।

2. ਸ. ਅਮਰਜੀਤ ਸਿੰਘ ਸੈਣੀ :
ਗਿਆਨੀ ਜ਼ੈਲ ਸਿੰਘ ਨਗਰ = 11000 ਰੁਪਏ, ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ।

3. ਡਾ.ਆਰ.ਐਸ.ਪਰਮਾਰ,
ਪਰਮਾਰ ਨਰਸਿੰਗ ਹੋਮ, ਰੂਪਨਗਰ= 10000 ਰੁਪਏ, ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ।

4 ਸ. ਪਰਮਜੀਤ ਸਿੰਘ ਲੱਖੇਵਾਲ,
ਰੂਰਲ ਇੰਸਟੀਚਿਊਟ ਫਾਰ ਮੈਨੇਜਮੈਂਟ ਐਂਡ ਟੈਕਨਾਲੋਜੀ ਲੱਖੇਵਾਲ ਜ਼ਿਲ੍ਹਾ ਰੂਪਨਗਰ = 10000 ਰੁਪਏ, ਵਿਕਾਸ ਕਾਰਜਾਂ ਲਈ।

5. ਸ. ਬਹਾਦੁਰਜੀਤ ਸਿੰਘ,
ਪ੍ਰਧਾਨ, ਜ਼ਿਲ੍ਹਾ ਪੱਤਰਕਾਰ ਐਸੋਸੀਏਸ਼ਨ, ਰੂਪਨਗਰ = 5100 ਰੁਪਏ, ਆਪਣੀ ਮਾਤਾ ਸਵ.ਸ਼੍ਰੀਮਤੀ ਕਰਮਜੀਤ ਕੌਰ ਦੀ ਯਾਦ ਵਿੱਚ

6. ਸ਼੍ਰੀਮਤੀ ਚੰਦਰ ਕਾਂਤਾ ਸੈਣੀ
ਸਾਬਕਾ ਪਰਧਾਨ, ਇੰਨਰਵ੍ਹੀਲ ਕਲੱਬ ਰੂਪਨਗਰ = 5100 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

7. ਸ਼੍ਰੀਮਤੀ ਅੰਜੂ ਚੌਧਰੀ, ਪੀ.ਈ.ਐਸ.
ਪ੍ਰਿਸੀਪਲ, ਸ.ਗ.ਸੀ.ਸੈ.ਸਕੂਲ ਰੂਪਨਗਰ, 2100 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

8. ਸ਼੍ਰੀਮਤੀ ਆਦਰਸ਼ ਸ਼ਰਮਾ,
ਪ੍ਰਧਾਨ, ਇੰਨਰਵ੍ਹੀਲ ਕਲੱਬ ਰੂਪਨਗਰ, 2100 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

9. ਸ਼੍ਰੀਮਤੀ ਜਵਤਿੰਦਰ ਕੌਰ, ਲੈਕਚਰਾਰ
ਜੀ.ਐਸ.ਅਸਟੇਟ ਮੈਰਿਜ ਪੈਲੇਸ =1100 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

10. ਸ਼੍ਰੀਮਤੀ ਇੰਦਰਜੀਤ ਕੌਰ ਵਾਲੀਆ,
ਰਿਟਾ. ਬੀ.ਪੀ.ਈ.ਓ. ਰੂਪਨਗਰ = 500 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

11. ਸ਼੍ਰੀਮਤੀ ਰੇਮਨ ਸ਼ਰਮਾ, ਰਿਟਾ. ਲੈਕਚਰਾਰ
ਪਤਨੀ ਡਾ. ਹੇਮ ਕਿਰਨ, ਰੂਪਨਗਰ = 500 ਰੁਪਏ, ਸੈਣੀ ਭਵਨ ਵਿੱਚ ਹੋਏ ਤੀਆਂ ਦੇ ਸਮਾਗਮ ਸਮੇਂ ਖੁਸ਼ੀ ਵਿੱਚ।

12. ਸ਼੍ਰੀਮਤੀ ਕੌਸ਼ੱਲਿਆ ਦੇਵੀ,
ਮੋਢੀ ਸੈਣੀ ਸਿਲਾਈ ਕਢਾਈ ਸਕੂਲ, ਸੈਣੀ ਭਵਨ ਰੂਪਨਗਰ = 500 ਰੁਪਏ, ਸਿਖਿਆਰਣਾਂ ਦੀ ਭਲਾਈ ਲਈ।

ਸੈਣੀ ਭਵਨ ਰੂਪਨਗਰ ਦੇ ਸਮੂਹ ਟਰਸਟੀ ਅਤੇ ਕਮੇਟੀ ਮੈਂਬਰ ਇਨ੍ਹਾਂ ਦਾਨੀ ਸੱਜਣਾ ਦੇ ਤਹਿ ਦਿਲ ਤੋਂ ਧੰਨਵਾਦੀ ਹਨ।

❋ ❋ ❋ ❋ ❋



WELCOME
NEW LIFE MEMBERS OF "SAINI BHAWAN"

Continued from page No. 17 of 30th Issue

526. S. Kuldeep Singh Golia
S/o S. Gurbax Sigh
Ranjit Avenue, Rupnagar



527. S. Nirmal Singh
S/o S. Rattan Singh
Vill. Bela, Distt. Rupnagar



528. S. Bahadurjeet Singh
S/o Late S. Hazura Singh
Nehru Nagar, Rupnagar



529. S. Parmjeet Singh Lakhewal
Vill. Lakhewal, P.O. Bela
Distt. Rupnagar



530. S. Rajinder Singh Saini
S/o S. Beant Singh
12, Amar Colony,
Rupnagar



Compiled by :
Gurcharan Singh



ਰੂਪਨਗਰ ਦਾ ਰਾਜਾ ਭੂਪ ਸਿੰਘ ਅਤੇ ਉਸਦੇ ਵਸਾਏ ਸੈਣੀ ਪਿੰਡ

ਪ੍ਰਿਤਪਾਲ ਸਿੰਘ
ਸੈਣੀ ਭਵਨ, ਰੂਪਨਗਰ

ਡੱਲੇਵਾਲੀਆ ਮਿਸਲ ਦੇ ਸਰਦਾਰ ਹਰੀ ਸਿੰਘ ਵਿਰਕ ਨੇ 1763 ਵਿੱਚ ਰੋਪੜ ਦੇ ਪਠਾਣਾ ਨੂੰ ਹਰਾ ਕੇ ਇਸ 'ਤੇ ਕਬਜ਼ਾ ਕਰ ਲਿਆ ਅਤੇ ਇਹ ਇਲਾਕਾ ਆਪਣੇ ਵੱਡੇ ਪੁੱਤਰ ਚੜ੍ਹਤ ਸਿੰਘ ਨੂੰ ਸੌਂਪ ਦਿੱਤਾ। ਸ. ਚੜ੍ਹਤ ਸਿੰਘ ਜਲਦੀ ਹੀ ਅਕਾਲ ਚਲਾਣਾ ਕਰ ਗਿਆ ਤਾਂ ਉਸ ਦੇ ਨਾਬਾਲਿਗ ਪੁੱਤਰ ਭੂਪ ਸਿੰਘ ਨੇ ਰਾਜਭਾਗ ਸੰਭਾਲ ਲਿਆ। ਸ.ਭੂਪ ਸਿੰਘ ਬਹੁਤ ਹੀ ਨੇਕ ਅਤੇ ਧਰਮਾਤਮਾ ਰਾਜਾ ਸੀ ਜਿਸ ਨੇ ਕਈ ਸਿੱਖ ਧਾਰਮਿਕ ਸਥਾਨਾਂ ਦੀ ਸਾਂਭ-ਸੰਭਾਲ ਕੀਤੀ। ਰੋਪੜ ਸ਼ਹਿਰ ਦੇ ਆਸਪਾਸ ਉਸ ਨੇ ਛੇ ਪਿੰਡ ਵਸਾਏ ਜਿਨ੍ਹਾਂ ਵਿੱਚ ਬਹੁਗਿਣਤੀ ਸੈਣੀ ਭਾਈਚਾਰੇ ਦੀ ਹੈ। ਇਨ੍ਹਾਂ ਪਿੰਡਾਂ ਦਾ ਵੇਰਵਾ ਇਸ ਪ੍ਰਕਾਰ ਹੈ-

ਹਵੇਲੀ ਕਲਾਂ ਅਤੇ ਹਵੇਲੀ ਖੁਰਦ- ਹਵੇਲੀ ਕਲਾਂ ਰੋਪੜ ਸ਼ਹਿਰ ਦੇ ਪੱਛਮ ਵਿੱਚ ਅਤੇ ਹਵੇਲੀ ਖੁਰਦ ਸ਼ਹਿਰ ਦੇ ਦੱਖਣ ਵਿੱਚ ਸਥਿਤ ਹੈ। ਇਹ ਦੋਵੇਂ ਪਿੰਡ ਰਾਜਾ ਭੂਪ ਸਿੰਘ ਨੇ ਵਸਾਏ ਸਨ। ਰਾਜੇ ਨੇ ਆਪਣੀ ਵੱਡੀ ਰਾਣੀ ਬਿਸ਼ਨ ਕੌਰ ਦੀ ਰਿਹਾਇਸ਼ ਲਈ ਹਵੇਲੀ ਕਲਾਂ 'ਚ ਮਹਿਲ ਉਸਾਰਿਆ ਅਤੇ ਛੋਟੀ ਰਾਣੀ ਚੰਦ ਕੌਰ ਦਾ ਮਹਿਲ ਹਵੇਲੀ ਖੁਰਦ ਵਿੱਚ ਬਣਵਾਇਆ ਸੀ। ਉਸ ਸਮੇਂ ਹਵੇਲੀ ਕਲਾਂ ਨੂੰ ਵੱਡੀ ਬੀਬੀ ਦੀ ਹਵੇਲੀ ਅਤੇ ਹਵੇਲੀ ਖੁਰਦ ਨੂੰ ਛੋਟੀ ਬੀਬੀ ਦੀ ਹਵੇਲੀ ਕਿਹਾ ਜਾਂਦਾ ਸੀ। ਇਨ੍ਹਾਂ ਦੋਵੇਂ ਪਿੰਡਾਂ ਦੇ ਮੁਢਲੇ ਵਸਨੀਕ ਸੈਣੀ ਹਨ।

ਸ਼ਾਮ ਪੁਰ- ਰਾਜਾ ਭੂਪ ਸਿੰਘ ਦੇ ਦੀਵਾਨ ਤਾਰਾ ਸਿੰਘ ਦੇ ਚਾਰ ਪੁੱਤਰਾਂ ਵਿੱਚੋਂ ਇੱਕ ਦਾ ਨਾਂ ਸ਼ਾਮ ਸਿੰਘ ਸੀ। ਹੋ ਸਕਦਾ ਹੈ ਕਿ ਰਾਜਾ ਭੂਪ ਸਿੰਘ ਨੇ ਏਸੇ ਸ਼ਾਮ ਸਿੰਘ ਦੇ ਨਾਂ 'ਤੇ ਪਿੰਡ ਸ਼ਾਮਪੁਰ ਵਸਾਇਆ ਹੋਵੇ।

ਭੂਪਨਗਰ- ਇਹ ਪਿੰਡ ਰੂਪਨਗਰ-ਕੁਰਾਲੀ ਸੜਕ ਦੇ ਚੜ੍ਹਦੇ ਵੱਲ 4 ਕੁ ਕਿਲੋਮੀਟਰ ਅਤੇ ਕੁਰਾਲੀ ਤੋਂ 8 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਦੋਂ ਭੂਪਨਗਰ ਨਹੀਂ ਸੀ ਵਸਿਆ ਤਾਂ ਇਸ ਦੇ ਨੇੜੇ ਇੱਕ ਚੋਅ ਕਿਨਾਰੇ ਸੈਣੀ ਬਰਾਦਰੀ ਦੇ ਕੁੱਝ ਪਰਿਵਾਰ ਝੌਂਪੜੀਆਂ ਵਿੱਚ ਰਹਿੰਦੇ ਤੇ ਖੇਤੀ ਕਰਦੇ ਸਨ। ਇੱਕ ਦਿਨ ਰਾਜਾ ਭੂਪ ਸਿੰਘ ਰੋਪੜ ਤੋਂ ਆਪਣੇ ਸਿਪਾਹੀਆਂ ਨਾਲ ਪਿੰਡ ਸਿਆਲਬਾ ਦੇ ਕਿਲੇ ਵੱਲ ਜਾ ਰਹੇ ਸਨ ਤਾਂ ਉਹ ਇਨ੍ਹਾਂ ਸੈਣੀ ਕਿਸਾਨਾਂ ਦੀਆਂ ਝੌਂਪੜੀਆਂ ਕੋਲੋਂ ਲੰਘਿਆ। ਉਸ ਨੇ ਕਿਸਾਨਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਇਨ੍ਹਾਂ ਦੇ ਗਰੀਬ ਟਿਕਾਣੇ ਝੌਂਪੜੀਆਂ ਦੇਖੀਆਂ। ਰਾਜਾ ਭੂਪ ਸਿੰਘ ਨੇ ਦਇਆ ਕਰਕੇ ਇਨ੍ਹਾਂ ਲਈ ਸੋਹਣੇ ਮਕਾਨ ਬਣਾ ਕੇ ਇੱਕ ਪਿੰਡ ਵਸਾ ਦਿੱਤਾ ਜਿਸ ਦਾ ਨਾਂ ਉਸ ਨੇ ਆਪਣੇ ਨਾਂ ਉੱਤੇ ਭੂਪਨਗਰ ਰੱਖਿਆ।

ਗੋਬਿੰਦਪੁਰਾ- ਰੋਪੜ-ਚਮਕੌਰ ਸਾਹਿਬ ਸੜਕ ਦੇ ਦੱਖਣ ਵੱਲ 2 ਕਿਲੋਮੀਟਰ ਅਤੇ ਰੋਪੜ ਤੋਂ 4 ਕਿਲੋਮੀਟਰ ਦੂਰ ਇਹ ਪਿੰਡ ਵਸਿਆ ਹੋਇਆ ਹੈ। ਰਾਜਾ ਭੂਪ ਸਿੰਘ ਨੇ ਸੈਣੀ ਬਰਾਦਰੀ ਦੇ ਇੱਕ ਕਿਸਾਨ ਨੂੰ 550 ਬਿੱਘਾ ਜ਼ਮੀਨ ਦੇ ਕੇ ਇਹ ਪਿੰਡ ਵਸਾਇਆ ਸੀ। ਉਸ ਕਿਸਾਨ ਦੇ ਅੱਗੋਂ ਛੇ ਪੁੱਤਰ ਹੋਏ ਜਿਨ੍ਹਾਂ ਵਿੱਚ ਇੱਕ ਨਾਲਾਇਕ ਨਿਕਲਿਆ। ਕਿਸਾਨ ਨੇ ਇਸ ਨਾਲਾਇਕ ਨੂੰ ਛੱਡ ਕੇ ਬਾਕੀ ਪੰਜ ਪੁੱਤਰਾਂ ਨੂੰ ਜ਼ਮੀਨ ਵੰਡ ਦਿੱਤੀ। ਇਨ੍ਹਾਂ ਪੰਜ ਪੁੱਤਰਾਂ ਦੇ ਵੰਸ਼ਜ ਹੁਣ ਇਸ ਪਿੰਡ ਵਿੱਚ ਰਹਿੰਦੇ ਹਨ। ਰਾਜਾ ਭੂਪ ਸਿੰਘ ਗੁਰੂ ਘਰ ਦਾ ਸ਼ਰਧਾਲੂ ਸੀ ਇਸ ਲਈ ਉਸ ਨੇ ਇਸ ਪਿੰਡ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਰੱਖਿਆ।

ਸਰਫਾਬਾਦ ਉਰਫ ਨਾਨਕਪੁਰਾ- ਰੂਪਨਗਰ-ਕੀਰਤਪੁਰ ਸਾਹਿਬ ਸੜਕ ਦੇ ਪੂਰਬ ਵੱਲ ਰੂਪਨਗਰ ਤੋਂ ਕੇਵਲ ਇੱਕ ਕਿਲੋਮੀਟਰ ਦੀ ਦੂਰੀ 'ਤੇ ਗੁਰੂਦੁਆਰਾ ਸਦਾਵਰਤ ਦੇ ਨੇੜੇ ਇਹ ਪਿੰਡ ਸਥਿਤ ਹੈ। ਇਹ ਪਿੰਡ ਕਿਸਨੇ ਵਸਾਇਆ ਇਸ ਬਾਰੇ ਜਾਣਕਾਰੀ ਨਹੀਂ ਹੈ ਪਰ ਇਸ ਪਿੰਡ ਦਾ ਰਹਿਣਵਾਲਾ ਸੈਣੀ ਬਰਾਦਰੀ ਦਾ ਨੰਤ ਰਾਮ ਦੋ ਬਲਦਾਂ ਨਾਲ ਚੱਲਣਵਾਲਾ ਚਾਰ ਪਹੀਆਂ ਦਾ ਰੱਥ ਰਾਜਾ ਭੂਪ ਸਿੰਘ ਲਈ ਚਲਾਉਂਦਾ ਸੀ। ਰਾਜਾ ਭੂਪ ਸਿੰਘ ਨੇ ਉਸ ਨੂੰ ਬਲਦਾਂ ਦੇ ਚਾਰੇ ਲਈ ਪਿੰਡ ਸਰਫਾਬਾਦ ਵਿੱਚ 12 ਬਿੱਘੇ ਜ਼ਮੀਨ ਦਿੱਤੀ ਹੋਈ ਸੀ। ਇਹ ਜ਼ਮੀਨ ਐਵੇਂ ਮੁਫਤ ਮਿਲੀ ਹੋਣ ਕਾਰਨ ਨੰਤ ਰਾਮ ਦੇ ਅਗਲੇਰੇ ਵਾਰਿਸ ਇਸ ਨੂੰ ਐਵੇਂਵਾਲੇ ਖੇਤ ਕਿਹਾ ਕਰਦੇ ਸਨ। ਰਾਜਾ ਭੂਪ ਸਿੰਘ ਦੇ ਸਹਿਯੋਗ ਨਾਲ ਨੰਤ ਰਾਮ ਨੇ ਆਪਣੇ ਖੇਤਾਂ ਵਿੱਚ ਇੱਕ ਖੂਹ ਲੁਆਇਆ ਜੋ ਹੁਣ ਵੀ ਖੰਡਰ ਹਾਲਤ ਵਿੱਚ ਮੌਜੂਦ ਹੈ। ਉਸ ਖੂਹ ਦੇ ਨੇੜੇ ਹੀ ਨੰਤ ਰਾਮ ਦੀ ਸਮਾਧ ਬਣੀ ਹੋਈ ਹੈ। ਨੰਤ ਰਾਮ ਦਾ ਇੱਕ ਹੀ ਪੁੱਤਰ ਕੂੜਾ ਸੀ ਜਿਸ ਦੇ ਅੱਗੇ ਤਿੰਨ ਪੁੱਤਰ ਹੋਏ- ਜੀਵਾ, ਜਿਉਣ ਤੇ ਦਇਆ ਰਾਮ ਜਿਨ੍ਹਾਂ ਦੀ ਔਲਾਦ ਹੁਣ ਇਸ ਪਿੰਡ ਵਿੱਚ ਵਸਦੀ ਹੈ।

(ਸਰੋਤ- ਪੁਸਤਕ 'ਇਤਿਹਾਸ ਬੋਲਦਾ ਹੈ' ਲੇਖਕ- ਸੁਰਿੰਦਰ ਸਿੰਘ ਖਾਲਸਾ, ਸਾਲ 2017)

❋ ❋ ❋ ❋ ❋

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ...

ਕੌਮੀ ਜੁਡੀਸ਼ਲ ਗਰਿੱਡ ਦੀ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਦੀਆਂ ਹੇਠਲੀਆਂ ਅਦਾਲਤਾਂ ਵਿੱਚ 22 ਲੱਖ ਤੋਂ ਵੱਧ ਕੇਸ ਪੈਂਡਿੰਗ ਹਨ ਜੋ ਦਹਾਕੇ ਪੁਰਾਣੇ ਹਨ। ਇਹ ਹੇਠਲੀਆਂ ਅਦਾਲਤਾਂ ਵਿੱਚ ਕੁੱਲ ਚੱਲ ਰਹੇ ਕਰੀਬ 2.5 ਕਰੋੜ ਕੇਸਾਂ ਦਾ 8.29% ਹਨ। ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿੱਚ ਪੈਂਡਿੰਗ ਪਏ ਕੇਸਾਂ ਦੀ ਗਿਣਤੀ ਇਨ੍ਹਾਂ ਤੋਂ ਵੱਖਰੀ ਹੈ।

ਗੌਰਵਮਈ ਇਤਿਹਾਸ ਦੇ ਝਰੋਖੇ 'ਚੋਂ



ਬੇਤਾਜ਼ ਬਾਦਸ਼ਾਹ- ਜਥੇਦਾਰ ਬਘੇਲ ਸਿੰਘ

ਡਾ. ਅਜਮੇਰ ਸਿੰਘ ਤੰਬੜ
ਰੂਪਨਗਰ

ਜਥੇਦਾਰ ਬਘੇਲ ਸਿੰਘ ਅਜਿਹੇ ਸਿੱਖ ਜਰਨੈਲ ਹੋਏ ਹਨ ਜਿਨ੍ਹਾਂ ਨੇ 1787 ਵਿੱਚ ਉਸ ਸਮੇਂ ਖਾਲਸਾ ਰਾਜ ਸਥਾਪਿਤ ਕਰਨ ਦਾ ਸੁਪਨਾ ਲਿਆ ਜਦੋਂ ਸਿੱਖ, ਦੁਸ਼ਮਣ ਹੁਕਮਰਾਨਾਂ ਦੇ ਜ਼ੁਲਮਾਂ ਨਾਲ ਲਹੂ-ਲੁਹਾਨ ਹੋਏ ਪਏ ਸਨ। ਇਸ ਤੋਂ ਪਹਿਲਾਂ ਸੰਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਦੇ 70 ਸਾਲਾਂ ਤੱਕ ਸਿੰਘਾਂ 'ਤੇ ਅਕਹਿ ਤੇ ਅਸਹਿ ਅੱਤਿਆਚਾਰ ਹੋਏ। ਇਸ ਦਾ ਕਾਰਨ ਸੀ ਕਿ ਸਿੱਖ ਆਗੂ-ਰਹਿਤ ਹੋ ਕੇ ਕਈ ਧੜਿਆਂ ਵਿੱਚ ਵੰਡੇ ਗਏ ਸਨ। ਇਸ ਸਮੇਂ ਹੀ 1727 ਵਿੱਚ ਭਾਈ ਤਾਰਾ ਸਿੰਘ ਵਾ, 1738 ਵਿੱਚ ਭਾਈ ਮਨੀ ਸਿੰਘ, 1745 ਵਿੱਚ ਭਾਈ ਤਾਰੂ ਸਿੰਘ ਅਤੇ 1748 ਵਿੱਚ ਭਾਈ ਸੁਬੇਗ ਸਿੰਘ ਤੇ ਸ਼ਹਿਬਾਜ਼ ਸਿੰਘ ਦੀਆਂ ਸ਼ਹੀਦੀਆਂ ਹੋਈਆਂ ਅਤੇ 1746 ਵਿੱਚ ਛੋਟਾ ਘੱਲੂਘਾਰਾ ਵਾਪਰਿਆ। ਸੰਨ 1748 ਵਿੱਚ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਆਰੰਭ ਹੋ ਗਏ ਜੋ 1761 ਤੱਕ ਜਾਰੀ ਰਹੇ ਜਿਸ ਦੌਰਾਨ ਸਿੱਖਾਂ ਦਾ ਉਜਾੜਾ ਹੁੰਦਾ ਰਿਹਾ।

ਇਸ ਦੇ ਬਾਵਜੂਦ ਗੁਰੂ ਦੇ ਬਚਨਾਂ, " ਰਾਜ ਕਰੇਗਾ ਖਾਲਸਾ" ਵਿੱਚ ਦ੍ਰਿੜ੍ਹ ਵਿਸ਼ਵਾਸ ਕਾਰਨ ਸਿੱਖਾਂ ਨੇ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਿਆ। ਸਿੱਖਾਂ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਇੰਨਾਂ ਪ੍ਰੇਸ਼ਾਂਨ ਕੀਤਾ ਕਿ ਚਸ਼ਮਦੀਦ ਇਤਿਹਾਸਕਾਰ ਨੂਰ ਮੁਹੰਮਦ ਨੂੰ ਲਿਖਣਾ ਪਿਆ ਕਿ ਇਹ ਸਿੱਖ, ਸਗ(ਕੁੱਤੇ) ਸ਼ੇਰ ਹਨ ਅਤੇ ਇਨ੍ਹਾਂ ਸਾਹਮਣੇ ਕੋਈ ਅੜ ਨਹੀਂ ਸਕਦਾ। ਸਿੱਖਾਂ ਨੇ 1765 ਤੋਂ 1787 ਤੱਕ ਪੰਦਰਾਂ ਵਾਰ ਸਿੰਘਾਂ ਦਿੱਲੀ ਲੁੱਟੀ। ਇਸ ਮੁਹਿੰਮ ਤਹਿਤ ਮਾਰਚ 1783 ਵਿੱਚ ਸਰਦਾਰ ਬਘੇਲ ਸਿੰਘ ਨੇ ਦਿੱਲੀ ਜਿੱਤੀ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਤਖਤ 'ਤੇ ਬਿਠਾਇਆ। ਸਰਦਾਰ ਬਘੇਲ ਸਿੰਘ 18ਵੀਂ ਸਦੀ ਦੇ ਪ੍ਰਮੁੱਖ ਸਿੱਖ ਸਰਦਾਰਾਂ ਵਿੱਚੋਂ ਸਿਰਕੱਢ ਜਰਨੈਲ ਸਨ। ਆਪ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਝਬਾਲ ਪਿੰਡ ਦੇ ਵਸਨੀਕ ਸਨ ਜੋ 1761 ਵਿੱਚ ਜਥੇਦਾਰ ਕਰੋੜਾ ਸਿੰਘ ਦੀ ਮੌਤ ਉਪਰੰਤ ਕਰੋੜਾ ਸਿੰਘ ਮਿਸਲ ਦੇ ਮੁਖੀ ਬਣੇ। ਇਸ ਸਮੇਂ ਮੁਗਲ ਬਾਦਸ਼ਾਹਤ ਖਤਮ ਹੋਣ ਕਿਨਾਰੇ ਸੀ ਅਤੇ ਮਰਹੱਟੇ ਟੁੱਟ ਚੁੱਕੇ ਸਨ। ਅਜਿਹੀ ਸਥਿਤੀ ਵਿੱਚ ਸਰਦਾਰ ਬਘੇਲ ਸਿੰਘ ਨੇ ਗੰਗ-ਜਮਨ ਦੁਆਬ ਦੇ ਸਾਰੇ ਇਲਾਕੇ 'ਤੇ ਆਪਣੀ ਧਾਂਕ ਜਮਾ ਲਈ। ਪੂਰੇ ਪੰਝੀ ਸਾਲ ਤੱਕ ਇਸ ਸਿੱਖ ਜਰਨੈਲ ਨੇ ਜਲੰਧਰ ਤੋਂ ਲੈ ਕੇ ਪੀਲੀਭੀਤ ਤੱਕ ਅਤੇ ਅੰਬਾਲਾ ਤੋਂ ਅਲੀਗੜ੍ਹ ਤੱਕ ਆਪਣਾ ਸਿੱਕਾ ਚਲਾਇਆ। ਸਰਦਾਰ ਬਘੇਲ ਸਿੰਘ ਪਾਸ ਤੀਹ ਹਜ਼ਾਰ ਸਿੰਘਾਂ ਦਾ ਤਾਕਤਵਰ ਜਥਾ ਸੀ ਜਿਸ ਨਾਲ ਉਨ੍ਹਾਂ ਨੇ ਪੂਰਬ ਵੱਲ ਜਲਾਲਾਬਾਦ, ਅਲੀਗੜ੍ਹ, ਖੁਰਜਾ, ਚੰਦੌਸੀ, ਹਾਥਰਸ ਅਤੇ ਇਟਾਵਾ ਤੱਕ ਮੱਲਾਂ ਮਾਰੀਆਂ। ਇੱਧਰ ਦੁਆਬ ਬਿਸਤ ਜਲੰਧਰ ਵਿੱਚ ਉਨ੍ਹਾਂ ਨੇ ਅਫਗਾਨ ਮੁਹੰਮਦ ਖਾਨ ਨੂੰ ਹਰਾ ਕੇ ਨੂਰ ਮਹਿਲ ਖਾਲਸਈ ਸਿੱਕਾ ਚਲਾਇਆ। ਕਹਿੰਦੇ ਹਨ ਕਿ ਸਰਦਾਰ ਬਘੇਲ ਸਿੰਘ ਦਾ ਏਨਾ ਦਬਦਬਾ ਸੀ ਕਿ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਕੋਈ ਦਿੱਲੀ ਤੋਂ ਪੰਜਾਬ ਵੱਲ ਨਹੀਂ ਆ ਸਕਦਾ ਸੀ। ਉਹ ਅਜਿਹੇ ਨੀਤੀਵਾਨ ਸਨ ਕਿ ਸਾਰਿਆਂ ਨੂੰ ਉਨ੍ਹਾਂ ਦੀ ਗੱਲ ਮੰਨਣੀ ਪੈਂਦੀ ਸੀ। ਮਿਸਾਲ ਵਜੋਂ ਜਦੋਂ 1780 ਵਿੱਚ ਦਿੱਲੀ ਦੇ ਵਜ਼ੀਰ ਅਬਦੁੱਲਾ ਖਾਨ ਨੇ



ਪਟਿਆਲਾ ਦੇ ਰਾਜਾ ਅਮਰ ਸਿੰਘ 'ਤੇ ਹਮਲਾ ਕੀਤਾ ਤਾਂ ਸਰਦਾਰ ਬਘੇਲ ਸਿੰਘ ਨੇ ਇਸ ਮੁਗਲ ਨੂੰ ਹਰਾ ਕੇ ਉਸ ਤੋਂ ਈਨ ਮਨਵਾਈ। ਸੰਨ 1788 ਵਿੱਚ ਮਰਹੱਟਾ ਮਨਾਰਾਉ ਨੇ ਪੰਜਾਬ ਵੱਲ ਅੱਖ ਕੀਤੀ ਤਾਂ ਉਸ ਨੂੰ ਵੀ ਮਾਰ ਭਜਾਇਆ।

ਹੁਣ ਸਰਦਾਰ ਬਘੇਲ ਸਿੰਘ ਨੂੰ ਅਹਿਸਾਸ ਹੋ ਗਿਆ ਸੀ ਕਿ ਸਿੰਘਾਂ ਦਾ ਦਿੱਲੀ 'ਤੇ ਰਾਜ ਸਥਾਪਿਤ ਹੋ ਸਕਦਾ ਸੀ। ਇਸ ਲਈ ਉਸ ਨੇ ਪੰਜਾਬ ਦੇ ਸਾਰੇ ਸਿੱਖ ਜਥੇਦਾਰਾਂ ਦੇ ਚੋਣਵੇ ਚਾਲੀ ਹਜ਼ਾਰ ਸਿੰਘ ਲੜਾਕਿਆਂ ਨੂੰ ਲੈ ਕੇ 1787 ਵਿੱਚ ਦਿੱਲੀ 'ਤੇ ਹਮਲਾ ਬੋਲ ਦਿੱਤਾ। ਮੁਗਲ ਬਾਦਸ਼ਾਹ ਸ਼ਾਹ ਆਲਮ ਨੇ ਖੂਨ ਖਰਾਬਾ ਕੀਤੇ ਬਗੈਰ ਹੀ ਸਿੰਘਾਂ ਦੀ ਈਨ ਮੰਨਦਿਆਂ ਸਰਦਾਰ ਬਘੇਲ ਸਿੰਘ ਦੀਆਂ ਤਿੰਨ ਸ਼ਰਤਾਂ ਮੰਨ ਲਈਆਂ। ਇਸ ਸਨ- ਖਾਲਸੇ ਨੂੰ ਤਿੰਨ ਲੱਖ ਰੁਪਏ ਹਰਜ਼ਾਨੇ ਵਜੋਂ ਦਿੱਤੇ ਜਾਣ, ਸ਼ਹਿਰ ਦੀ ਕੋਤਵਾਲੀ ਤੇ ਚੁੰਗੀ ਵਸੂਲ ਕਰਨ ਦਾ ਅਧਿਕਾਰ ਸਿੰਘਾਂ ਨੂੰ ਦਿੱਤਾ ਜਾਵੇ, ਜਦੋਂ ਤੱਕ ਦਿੱਲੀ ਦੇ ਗੁਰੂਦੁਆਰਿਆਂ ਦੀ ਸੇਵਾ ਪੂਰੀ ਨਹੀ ਹੋ ਜਾਂਦੀ ਉਦੋਂ ਤੱਕ ਸਰਦਾਰ ਬਘੇਲ ਸਿੰਘ 4000 ਘੋੜ ਸਵਾਰ ਆਪਣੇ ਨਾਲ ਰੱਖਣ। ਇਸ ਸਮੇਂ ਸਰਦਾਰ ਬਘੇਲ ਸਿੰਘ ਨੇ ਦਿੱਲੀ ਵਿਖੇ ਗੁਰੂ ਸਥਾਨਾਂ ਦੀ ਖੋਜ ਕਰ ਕੇ ਉੱਥੇ ਗੁਰੂਦੁਆਰਾ ਬੰਗਲਾ ਸਾਹਿਬ, ਗੁਰੂਦੁਆਰਾ ਰਕਾਬ ਗੰਜ, ਗੁਰੂਦੁਆਰਾ ਸੀਸ ਗੰਜ ਸਾਹਿਬ ਤੋਂ ਇਲਾਵਾ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਦੇ ਗੁਰੂਦੁਆਰੇ ਵੀ ਬਣਵਾਏ।

ਸਾਰੇ ਗੁਰੂਦੁਆਰਿਆਂ ਦੀ ਉਸਾਰੀ ਕਰਵਾ ਕੇ ਸਰਦਾਰ ਬਘੇਲ ਸਿੰਘ ਜੀ ਜਦੋਂ ਵਾਪਿਸ ਮੁੜਨ ਲੱਗੇ ਤਾਂ ਬਾਦਸ਼ਾਹ ਨੇ ਮੁਲਾਕਾਤ ਦੀ ਖਾਹਿਸ਼ ਪ੍ਰਗਟ ਕੀਤੀ। ਬੇਖੌਫ ਸਰਦਾਰ

ਬਾਕੀ ਸਫਾ 28 ਤੇ....



18ਵੀਆਂ ਏਸ਼ੀਆਈ ਖੇਡਾਂ- ਕੀ ਖੱਟ ਲਿਆਂਦਾ ?

ਗੁਰਮੁਖ ਸਿੰਘ ਲੌਂਗੀਆ
ਰੂਪਨਗਰ

18 ਵੀਆਂ ਏਸ਼ੀਆਈ ਖੇਡਾਂ ਦਾ ਮਹਾਂ-ਕੁੰਭ 19 ਅਗਸਤ ਤੋਂ 2 ਸਤੰਬਰ, 2018 ਤੱਕ ਇੰਡੋਨੇਸ਼ੀਆ ਵਿੱਚ ਹੋਇਆ। ਇਸ ਵਿੱਚ ਏਸ਼ੀਆ ਦੇ 45 ਦੇਸ਼ਾਂ ਦੇ ਦਸ ਹਜ਼ਾਰ ਤੋਂ ਵੱਧ ਖਿਡਾਰੀਆਂ ਨੇ ਜ਼ੋਰ-ਅਜ਼ਮਾਈ ਕੀਤੀ ਪਰ ਤਮਗੇ ਕੇਵਲ ...ਦੇਸ਼ਾਂ ਦੇ ਖਿਡਾਰੀਆਂ ਨੂੰ ਹੀ ਨਸੀਬ ਹੋਏ। ਭਾਰਤ ਤੋਂ 572 ਖਿਡਾਰੀਆਂ ਨੇ 36 ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ 15 ਸੋਨੇ, 24 ਚਾਂਦੀ ਦੇ ਅਤੇ 30 ਕਾਂਸੀ ਦੇ ਤਮਗੇ ਜਿੱਤ ਕੇ ਦੇਸ਼ ਨੂੰ 8ਵਾਂ ਸਥਾਨ ਦਵਾਇਆ। ਇਸ ਵਿੱਚ ਚੀਨ ਨੇ ਕੁੱਲ 289 ਤਮਗੇ ਲੈ ਕੇ ਪਹਿਲਾ, ਜਾਪਾਨ ਨੇ 204 ਨਾਲ ਦੂਜਾ ਅਤੇ ਸਾਊਥ ਕੋਰੀਆ ਨੇ 176 ਤਮਗਿਆਂ ਨਾਲ ਤੀਜਾ ਸਥਾਨ ਹਾਸਲ ਕੀਤਾ। ਆਬਾਦੀ ਦੇ ਹਿਸਾਬ ਨਾਲ ਤਾਂ ਭਾਰਤ ਨੂੰ ਦੂਜਾ ਸਥਾਨ ਮਿਲਣਾ ਚਾਹੀਦਾ ਸੀ ਪਰ ਇੰਡੋਨੇਸ਼ੀਆ, ਉਜ਼ਬੇਕਿਸਤਾਨ, ਇਰਾਨ ਤੇ ਚਾਈਨਾ ਤੇਪਈ ਵਰਗੇ ਛੋਟੇ ਦੇਸ਼ ਨੂੰ ਸਾਡੇ ਮਹਾਨ ਦੇਸ਼ ਨਾਲੋਂ ਬਾਜ਼ੀ ਮਾਰ ਗਏ। ਤਮਗਿਆਂ ਦੀ ਗਿਣਤੀ ਦੀ ਹਿਸਾਬ ਨਾਲ ਤਾਂ ਭਾਵੇਂ 1951 ਵਾਲੀਆਂ ਏਸ਼ੀਆਈ ਖੇਡਾਂ ਤੋਂ ਬਾਅਦ ਭਾਰਤ ਨੇ ਪਹਿਲੀ ਵਾਰ 69 ਤਮਗੇ ਜਿੱਤ ਕੇ ਬਾਜ਼ੀ ਮਾਰੀ ਜਾਪਦੀ ਹੈ ਪਰ ਇਹ ਮਿਰਗ-ਤ੍ਰਿਸ਼ਨਾ ਹੀ ਹੈ। ਅਸਲੀਅਤ ਤਾਂ ਇਹ ਹੈ ਕਿ 1951 ਵਿੱਚ ਭਾਰਤ ਨੇ ਖੇਡਾਂ ਦੇ ਕੁੱਲ 169 ਤਮਗਿਆਂ ਵਿੱਚੋਂ 51 ਤਮਗੇ ਜਿੱਤੇ ਸਨ ਜਿਨ੍ਹਾਂ ਵਿਚ 15 ਸੋਨੇ ਦੇ ਸਨ। ਹੁਣ ਕੁੱਲ 1552 ਤਮਗਿਆਂ ਵਿੱਚੋਂ ਭਾਰਤ ਦੇ ਖਿਡਾਰੀਆਂ ਨੇ 69 ਤਮਗੇ ਜਿੱਤੇ ਹਨ। ਇਸ ਹਿਸਾਬ ਨਾਲ ਭਾਰਤ ਦੀ ਤਮਗੇ ਜਿੱਤਣ ਦੀ ਪ੍ਰਤਿਸ਼ਤਤਾ 4.44 ਬਣਦੀ ਹੈ ਜਦੋਂ ਕਿ 1951 ਵਿੱਚ ਇਹ 30.17 % ਸੀ। ਇਸ ਕੋਣ ਤੋਂ ਭਾਰਤ ਏਸ਼ੀਆਈ ਖੇਡ ਮੁਕਾਬਲਿਆਂ ਵਿੱਚ ਬਹੁਤ ਪਛੜ ਗਿਆ ਹੈ। ਉਂਜ ਇਸ ਏਸ਼ੀਆਡ ਵਿੱਚ ਅਥਲੀਟਾਂ ਨੇ ਕਮਾਲ ਕੀਤੀ ਹੈ ਜਿਨ੍ਹਾਂ ਨੇ 19 ਤਮਗੇ ਦੇਸ਼ ਦੀ ਝੋਲੀ ਪਾਏ ਹਨ। ਪੰਜ ਅਜਿਹੀਆਂ ਖੇਡਾਂ ਵਿੱਚ ਤਮਗੇ ਮਿਲੇ ਹਨ ਜਿਨ੍ਹਾਂ ਵਿੱਚ ਭਾਰਤੀ ਖਿਡਾਰੀਆਂ ਨੇ ਕਦੇ ਖਾਤਾ ਵੀ ਨਹੀਂ ਸੀ ਖੋਲ੍ਹਿਆ। ਇੱਕ ਗੱਲ ਹੋਰ ਵੀ ਵੇਖਣ ਵਾਲੀ ਹੈ ਕਿ ਜਿੱਤੇ ਗਏ ਬਹੁਤੇ ਤਮਗੇ ਸਖਸ਼ੀ ਹਨ, ਬਹੁਤ ਹੀ ਘੱਟ ਟੀਮ-ਤਮਗੇ ਹਨ। ਇਸ ਤੋਂ ਸਮਝ ਪੈਂਦਾ ਹੈ ਕਿ ਤਮਗੇ ਖਿਡਾਰੀਆਂ ਦੀ ਨਿਜੀ ਘਾਲਣਾ ਸਦਕਾ ਹਾਸਲ ਹੋਏ ਹਨ ਨਾਂ ਕਿ ਖੇਡ ਵਿਭਾਗ ਦੀਆਂ ਕੋਸ਼ਿਸ਼ਾਂ ਨਾਲ। ਜੇ ਭਾਰਤ ਨੇ ਖੇਡਾਂ ਵਿੱਚ ਹੋਰ ਦੇਸ਼ਾਂ ਦੇ ਮੁਕਾਬਲੇ ਖੜ੍ਹਨਾ ਹੈ ਤਾਂ ਲੰਮੇ ਸਮੇਂ ਦੀ ਖੇਡ ਨੀਤੀ ਤਿਆਰ ਕਰਨੀ ਪਏਗੀ। ਨਿਜੀ ਪ੍ਰਾਪਤੀਆਂ ਤਾਂ ਵਧੀਆ ਇਨਾਮਾਂ ਅਤੇ ਨੌਕਰੀਆਂ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ, ਇਹ ਅਗਲੇ ਸਾਲਾਂ ਲਈ ਕਾਇਮ ਨਹੀਂ ਰਹਿੰਦੀਆਂ। ਭਾਰਤੀ ਖਿਡਾਰੀਆਂ ਵਿੱਚ ਖੇਡ ਪ੍ਰਤਿਭਾ ਦੀ ਕੋਈ ਘਾਟ ਨਹੀਂ, ਲੋੜ ਹੈ ਕੇਵਲ ਇਸ ਨੂੰ ਨੇਕ-ਨੀਅਤੀ ਨਾਲ ਪ੍ਰਗਟ ਕਰਨ ਦੀ।

ਜੇ ਪੰਜਾਬ ਦੀ ਗੱਲ ਕਰੀਏ ਤਾਂ ਪ੍ਰਾਪਤੀਆਂ ਮਾਣਯੋਗ ਨਹੀਂ ਹਨ। ਹਰਿਆਣਾ ਵਲੋਂ ਜਿੱਤੇ 18 ਤਮਗਿਆਂ ਦੇ ਮੁਕਾਬਲੇ ਪੰਜਾਬ ਦੇ ਪੱਲੇ ਕੇਵਲ ਪੰਜ ਤਮਗੇ ਪਏ ਹਨ। ਇਨ੍ਹਾਂ ਵਿੱਚ ਤਿੰਨ ਸੋਨੇ ਦੇ ਹਨ। ਬੜੇ ਮਾਣ ਦੀ ਗੱਲ ਹੈ ਕਿ ਮੋਗਾ ਜ਼ਿਲ੍ਹੇ ਵਿੱਚ ਪਿੰਡ, ਖੋਸਾ ਪਾਂਡੇ ਦੇ **ਤਜਿੰਦਰਪਾਲ ਸਿੰਘ ਤੂਰ** ਨੇ ਗੋਲਾ ਸੁੱਟਣ ਦੇ ਮੁਕਾਬਲੇ ਵਿੱਚ ਏਸ਼ੀਆ ਦਾ ਰਿਕਾਰਡ ਤੋੜ ਕੇ ਸੋਨ ਤਮਗਾ ਹਾਸਲ ਕੀਤਾ ਹੈ। ਪੰਜਾਬ ਦੇ ਪਿਛੜੇ ਜ਼ਿਲ੍ਹੇ ਮਾਨਸਾ ਦੇ ਸਾਧਾਰਨ ਪਰਿਵਾਰਾਂ ਦੇ ਦੋ ਹੋਰ ਖਿਡਾਰੀਆਂ ਨੇ ਵੀ ਆਪਣੇ ਸੂਬੇ ਦਾ ਨਾ ਉੱਚਾ ਕੀਤਾ। ਇੱਕ ਹੈ ਪਿੰਡ ਦਲੇਲਵਾਲਾ ਦਾ **ਸੂਬੇਦਾਰ ਸਵਰਨ ਸਿੰਘ ਵਿਰਕ** ਅਤੇ ਦੂਜਾ ਕਿਸ਼ਨਗੜ੍ਹ ਫਰਵਾਹੀ ਦਾ **ਸੁਖਮੀਤ ਸਿੰਘ**। ਇਨ੍ਹਾਂ ਨੇ ਕਿਸ਼ਤੀ ਚਲਾਉਣ ਦੇ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਹੈ। ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਹਰਸਾ ਛੀਨਾ ਦੇ ਅਰਪਿੰਦਰ ਸਿੰਘ ਨੇ ਤੀਹਰੀ ਛਾਲ ਵਿੱਚ ਭਾਰਤ ਨੂੰ ਪਿਛਲੇ 48 ਸਾਲਾਂ ਵਿੱਚ ਪਹਿਲਾ ਸੋਨ ਤਮਗਾ ਦਿਵਾਇਆ ਹੈ। ਉਂਜ ਚਾਂਦੀ ਦਾ ਤਮਗਾ ਜੇਤੂ ਕਬੱਡੀ ਦੀ ਟੀਮ ਵਿੱਚ ਦੋ ਪੰਜਾਬਣਾ ਅਤੇ ਕਾਂਸੀ ਤਮਗਾ ਜੇਤੂ ਮੁੰਡਿਆਂ ਦੀ ਹਾਕੀ ਟੀਮ ਵਿੱਚ ਨੌਂ ਪੰਜਾਬੀ ਲੜਕੇ ਖੇਡੇ ਹਨ।

ਇਨ੍ਹਾਂ ਖੇਡ-ਮੁਕਾਬਲਿਆਂ ਵਿੱਚ ਕਈ ਖਿਡਾਰੀਆਂ ਨੇ ਭਾਰਤ ਲਈ ਨਵੇਂ ਰਿਕਾਰਡ ਬਣਾਏ ਹਨ-

***ਅਰਪਿੰਦਰ ਸਿੰਘ** ਨੇ ਤੀਹਰੀ ਛਾਲ ਵਿੱਚ ਭਾਰਤ ਨੂੰ ਪਿਛਲੇ 48 ਸਾਲਾਂ ਵਿੱਚ ਪਹਿਲਾ ਸੋਨ ਤਮਗਾ ਦਿਵਾਇਆ ਹੈ।

- ਜੈਵਲਿਨ ਥਰੋਅ ਵਿੱਚ ਸੋਨ ਤਮਗਾ ਲੈਣ ਵਾਲਾ **ਨੀਰਜ ਚੋਪੜਾ** ਇਹ ਮਾਣ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਖਿਡਾਰੀ ਬਣ ਗਿਆ ਹੈ।
- ਸੱਠ (60) ਸਾਲ ਦੇ **ਪ੍ਰਨਾਬ ਬਰਧਨ** ਨੇ ਪੁਰਸ਼ਾਂ ਦੇ ਬਰਿੱਜ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਹੈ।
- ਰਿਕਸ਼ਾ ਚਾਲਕ ਦੀ ਧੀ **ਸਵਪਨਾ ਬਰਮਨ** ਨੇ 21 ਸਾਲ ਦੀ ਉਮਰ ਵਿੱਚ ਹੈਪਥਾਲੋਨ ਵਿੱਚ ਸੋਨ ਤਮਗਾ ਲੈ ਕੇ ਪਹਿਲੀ ਮਹਿਲਾ ਖਿਡਾਰਨ ਹੋਣ ਦਾ ਮਾਣ ਖੱਟਿਆ ਹੈ।
- ਮੁੱਕੇਬਾਜ **ਵਿਕਾਸ ਕ੍ਰਿਸ਼ਨ** ਜ਼ਖਮੀ ਹੋ ਜਾਣ ਦੇ ਬਾਵਜੂਦ ਕਾਂਸੀ ਤਮਗਾ ਹਾਸਲ ਕਰਕੇ ਏਸ਼ੀਅਨ ਖੇਡਾਂ ਵਿੱਚ ਤਿੰਨ ਤਮਗੇ ਲੈਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ।
- ਭਾਰਤੀ ਖਿਡਾਰੀਆਂ ਵਿੱਚ ਸਭ ਤੋਂ ਛੋਟੀ ਉਮਰ (15 ਸਾਲ) ਦੇ **ਸਰਦੁਲ ਵਿਹਾਨ** ਨੇ ਪੁਰਸ਼ਾਂ ਦੇ ਡਬਲ ਟਰੈਪ ਨਿਸ਼ਾਨੇਬਾਜ਼ੀ ਮੁਕਾਬਲੇ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਹੈ।

- ਦੌੜਾਕ **ਦੁਤੀ ਚੰਦ** ਨੇ 20 ਸਾਲਾਂ ਤੋ ਬਾਅਦ 100 ਮੀਟਰ ਅਤੇ 200 ਮੀਟਰ ਮਹਿਲਾ ਦੌੜ ਮੁਕਾਬਲਿਆਂ ਵਿੱਚ ਦੋ ਚਾਂਦੀ ਦੇ ਤਮਗੇ ਜਿੱਤ ਕੇ ਪਹਿਲੀ ਭਾਰਤੀ ਔਰਤ ਬਣਨ ਦਾ ਮਾਣ ਖੱਟਿਆ ਹੈ।
- **ਰਾਹੀ ਸਰਨੋਬਤ** ਨੇ ਨਿਸ਼ਾਨੇਬਾਜ਼ੀ ਵਿੱਚ ਸੋਨ ਤਮਗਾ ਜਿੱਤ ਕੇ ਏਸ਼ੀਅਨ ਖੇਡਾਂ ਵਿੱਚ ਪਹਿਲੀ ਭਾਰਤੀ ਮਹਿਲਾ ਬਣਨ ਦਾ ਮਾਣ ਪ੍ਰਾਪਤ ਕੀਤਾ ਹੈ।
- ਭਾਰਤੀ ਪੁਰਸ਼ ਟੀਮ ਨੇ ਪਹਿਲੀ ਵੇਰ ਏਸ਼ੀਅਨ ਖੇਡਾਂ ਵਿੱਚ **ਸੇਪਕ ਟਕਰਾਅ** ਮੁਕਾਬਲੇ ਵਿੱਚ ਤਮਗਾ(ਕਾਂਸੀ) ਜਿੱਤਿਆ ਹੈ
- 16 ਸਾਲ ਦੀ ਉਮਰ ਦੇ **ਸੌਰਵ ਚੌਧਰੀ** ਨੇ ਨਿਸ਼ਾਨੇਬਾਜ਼ੀ ਵਿੱਚ ਸੋਨ ਤਮਗਾ ਹਾਸਲ ਕੀਤਾ ਹੈ।
- **ਵਿਨੇਸ਼ ਫੋਗਾਟ** ਏਸ਼ਿਆਡ ਵਿੱਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣ ਗਈ ਹੈ।

* * * * *

• ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਸਤਰ ਨੇ 23ਵੀਂ ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ (ਮਾਕਾ), 2017-18 ਹਾਸਲ ਕਰਕੇ ਪੰਜਾਬੀਆਂ ਦਾ ਮਾਣ ਵਧਾਇਆ ਹੈ।

• ਭਾਰਤੀ ਟੀਮ ਦੇ ਕਪਤਾਨ ਵਿਰਾਟ ਕੋਹਲੀ ਅਤੇ ਵਿਸ਼ਵ ਚੈਂਪੀਅਨ ਵੇਟ ਲਿਫਟਰ ਮੀਰਾ ਬਾਈ ਚਾਨੂੰ ਨੂੰ ਭਾਰਤ ਸਰਕਾਰ ਨੇ ਖੇਡਾਂ ਦੇ ਸਭ ਤੋਂ ਵੱਡੇ ਸਨਮਾਨ, ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ (2017-18) ਨਾਲ ਨਿਵਾਜਿਆ ਹੈ।

ਅਹਿਸਾਨਮੰਦੀ



ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਤੋਂ ਵਜ਼ੀਫੇ ਦੇ ਰੂਪ ਵਿੱਚ ਵਿਤੀ ਸਹਾਇਤਾ ਪ੍ਰਾਪਤ ਕਰ ਕੇ ਸੈਕੜੇ ਵਿਦਿਆਰਥੀ ਉੱਚ ਸਿਖਿਆ ਹਾਸਲ ਕਰਕੇ ਵਧੀਆ ਰੁਜ਼ਗਾਰ 'ਤੇ ਲੱਗੇ ਹੋਏ ਹਨ ਪਰੰਤੂ ਬਹੁਤ ਘੱਟ ਹਨ ਜੋ ਇਸ ਅਹਿਸਾਨ ਨੂੰ ਯਾਦ ਰਖਦੇ ਹਨ। ਅਜਿਹੇ ਅਹਿਸਾਨਮੰਦਾਂ ਵਿੱਚੋਂ ਇੱਕ ਹੈ, **ਸ਼੍ਰੀਮਤੀ ਪਿੰਕੀ ਸਪੁੱਤਰੀ ਸ਼੍ਰੀ ਜੱਗਪ੍ਰਕਾਸ਼** ਵਾਸੀ ਬੜੀ ਹਵੇਲੀ (ਰੂਪਨਗਰ) ਜਿਸ ਨੇ ਆਪਣੀ ਤਨਖਾਹ ਵਿੱਚੋਂ 5100 ਰੁਪਏ ਸੈਣੀ ਭਵਨ ਨੂੰ ਭੇਜੇ ਹਨ। ਸ਼੍ਰੀਮਤੀ ਪਿੰਕੀ ਐਮ.ਐਸ.ਸੀ, ਬੀ.ਐੱਡ ਪਾਸ ਹਨ ਅਤੇ ਇਸ ਸਮੇਂ ਪੰਜਾਬ ਐਂਡ ਸਿੰਧ ਬੈਂਕ ਦੇਹਰਾਦੂਨ ਵਿੱਚ ਨੌਕਰੀ ਕਰਦੇ ਹਨ। ਸੈਣੀ ਭਵਨ ਦੇ ਪ੍ਰਬੰਧਕ ਇਸ ਹੋਣਹਾਰ ਬੇਟੀ ਦੇ ਅਤਿ ਧੰਨਵਾਦੀ ਹਨ।

...ਸਫਾ 26 ਦਾ ਬਾਕੀ

ਬਘੇਲ ਸਿੰਘ ਨੇ ਕਿਹਾ, ' ਸਾਡੀ ਉਸ ਨਾਲ ਮੁਲਾਕਾਤ ਕਿਵੇਂ ਹੋ ਸਕਦੀ ਹੈ। ਕਹਿੰਦੇ ਹਨ ਕਿ ਸ਼ਾਹ ਨੂੰ ਮਿਲਣਾ ਹੋਵੇ ਤਾਂ ਦਸਤੂਰ ਹੈ ਕਿ ਹੱਥ ਜੋੜ ਕੇ ਝੁਕ ਝੁਕ ਕੇ ਸਲਾਮਾਂ ਕਰਨੀਆਂ ਪੈਂਦੀਆਂ ਹਨ। ਨਾਲੇ ਕੋਈ ਸ਼ਸਤ੍ਰ ਨਾਲ ਨਹੀਂ ਲਿਜਾਣ ਦਿੰਦੇ। ਅਸੀਂ ਸ਼ਸਤ੍ਰ ਬਗੈਰ ਰਹਿ ਨਹੀਂ ਸਕਦੇ।.....'। ਬਾਦਸ਼ਾਹ ਨੇ ਸੁਨੇਹਾ ਭੇਜਿਆ, 'ਜਿਵੇਂ ਮਰਜ਼ੀ ਆਵੇ, ਪਰ ਮੁਲਾਕਾਤ ਜ਼ਰੂਰ ਹੋਵੇ'। ਜਦੋਂ ਸਰਦਾਰ ਬਘੇਲ ਸਿੰਘ ਜੀ ਲਾਲ ਕਿਲੇ ਵਿੱਚ ਬਾਦਸ਼ਾਹ ਨੂੰ ਮਿਲਣ ਚੱਲੇ ਤਾਂ ਬੜਾ ਵਚਿੱਤ੍ਰ ਦ੍ਰਿਸ਼ ਸੀ। ਅੱਗੇ ਨਕੀਬ ਬੋਲਦਾ ਜਾਂਦਾ ਸੀ –' ਖਾਲਸਾ ਜੀਓ ਆ ਰਹੇ ਹਨ'। ਕਿਲੇ ਪਾਸ ਪੁੱਜਦਿਆਂ ਹੀ ਵੱਡੇ ਵਜ਼ੀਰ ਨੇ ਇਸਤਕਬਾਲ ਕੀਤਾ। ਹਾਥੀ ਛੱਡ ਸਰਦਾਰ ਜੀ ਘੋੜੇ 'ਤੇ ਸਵਾਰ ਹੋਏ। ਜਦੋਂ ਘੋੜੇ ਤੋਂ ਉੱਤਰੇ ਤਾਂ ਹੋਰ ਵਜ਼ੀਰ ਕਤਾਰ ਵਿੱਚ ਖੜ੍ਹੇ ਸਨ। ਆਪ ਜੀ ਨਾਲ ਜਥੇਦਾਰ ਦੁਲਚਾ ਸਿੰਘ ਅਤੇ ਭਾਈ ਸੱਦਾ ਸਿੰਘ ਵੀ ਸਨ। ਆਪ ਜੀ ਨੇ ਦਰਬਾਰ ਪਹੁੰਚ ਗੱਜ ਕੇ ਫਤਿਹ ਗਜਾਈ। ਬਾਦਸ਼ਾਹ ਨੇ ਸਭ ਨੂੰ ਉਸੇ ਤਰ੍ਹਾਂ ਫਤਿਹ ਬੁਲਾਉਣ ਲਈ ਆਖਿਆ। ਕੁਰਸੀ ਬਾਦਸ਼ਾਹ ਦੇ ਨਾਲ ਲਗਵਾਈ ਗਈ ਸੀ। ਬਾਕੀ ਸਰਦਾਰਾਂ ਨੂੰ ਵੀ ਮਾਣ ਵਾਲੀਆਂ ਕੁਰਸੀਆਂ ਦਿੱਤੀਆਂ ਗਈਆਂ। ਬਾਦਸ਼ਾਹ ਤੇ ਸਰਦਾਰ ਬਘੇਲ ਸਿੰਘ ਇਵੇਂ ਗੱਲਾਂ ਕਰ ਰਹੇ ਸਨ ਜਿਵੇਂ ਕੋਈ ਪੁਰਾਣੇ ਮਿੱਤਰ ਹੁੰਦੇ ਹਨ। ਕਾਫੀ ਸਮਾਂ ਵਿਚਾਰ-ਵਟਾਂਦਰਾ ਹੁੰਦਾ ਰਿਹਾ। ਸਿੰਘ ਜੀ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਨੇ ਕਿਹਾ, ' ਇੰਜ ਹੀ ਕਿਸੇ ਗੱਲ ਉਡਾਈ ਲਗਦੀ ਹੈ ਕਿ ਸਿੰਘ ਲੁਟੇਰੇ ਹਨ। ਲੁਟੇਰਿਆਂ ਵਾਲੀ ਗੱਲ ਤਾਂ ਕਿਸੇ ਵਿੱਚ ਇੱਕ ਵੀ ਦੇਖੀ ਨਹੀਂ।' ਮੁਲਾਕਾਤ ਤੋਂ ਬਾਅਦ ਵਿਦਾਇਗੀ ਸਮੇਂ ਬਾਦਸ਼ਾਹ ਨੇ ਸਰਦਾਰ ਬਘੇਲ ਸਿੰਘ ਨੂੰ ਹਾਥੀ, ਸੋਨੇ ਦੀ ਇੱਕ ਜ਼ੰਜ਼ੀਰ, ਪੰਜ ਘੋੜੇ ਤੇ ਹੋਰ ਬਹੁਤ ਸਾਰੇ ਕੀਮਤੀ ਤੋਹਫੇ ਦਿੱਤੇ।

ਸਰਦਾਰ ਬਘੇਲ ਸਿੰਘ ਦੇ ਅਕਾਲ ਚਲਾਣੇ(1802) ਤੱਕ ਦਿੱਲੀ ਸ਼ਹਿਰ ਦੀ ਚੁੰਗੀ ਦਾ ਚੌਥਾ ਹਿੱਸਾ ਉਨ੍ਹਾਂ ਨੂੰ ਮਿਲਦਾ ਰਿਹਾ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਉਸ ਸਮੇਂ ਜਦੋਂ ਰੁਹੇਲੇ ਸਿੱਖਾਂ ਦੇ ਸਾਥੀ ਬਣ ਗਏ ਸਨ, ਅਵਧ ਦੇ ਨਵਾਬ ਕਮਜ਼ੋਰ ਸਨ, ਮਰਹੱਟੇ ਉੱਠਣਜੋਗੇ ਨਹੀਂ ਸਨ ਅਤੇ ਅੰਗ੍ਰੇਜ਼ ਪੰਜਾਬ ਤੋਂ ਦੂਰ ਬੈਠੇ ਸਨ ਤਾਂ ਸਰਦਾਰ ਬਘੇਲ ਸਿੰਘ ਦੀ ਕਮਾਨ ਹੇਠ ਸਿੱਖ ਉੱਤਰੀ ਭਾਰਤ ਵਿੱਚ ਆਪਣਾ ਰਾਜ ਕਰ ਸਕਦੇ ਸਨ ਜੇ ਦਲ ਖਾਲਸਾ ਅਤੇ ਹੋਰ ਮਿਸਲਾਂ ਇਸ ਸਰਦਾਰ ਦਾ ਸਾਥ ਦਿੰਦੀਆਂ। ਦੂਜੀ ਬਦਕਿਸਮਤੀ ਇਹ ਕਿ ਪਟਿਆਲੇ ਦੇ ਸਿੱਖ ਰਾਜੇ ਅਮਰ ਸਿੰਘ ਨੇ ਸ. ਬਘੇਲ ਸਿੰਘ ਦੀ ਕਰੋੜ ਸਿੰਘੀ ਮਿਸਲ ਨਾਲ ਸਿੱਧੀ ਟੱਕਰ ਲੈਣੀ ਆਰੰਭ ਕਰ ਦਿੱਤੀ ਜਿਸ ਕਾਰਨ ਇਸ ਅਦੁੱਤੀ ਸਰਦਾਰ ਦਾ ਖਾਲਸਾ ਰਾਜ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਇਸ ਅਧੂਰੀ ਖਾਹਿਸ਼ ਨਾਲ ਹੀ ਸਿੱਖਾਂ ਦਾ ਇਹ ਬੇਤਾਜ਼ ਬਾਦਸ਼ਾਹ 1803 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜਿਆ।

(ਇਸ ਲੇਖ ਵਿੱਚ ਦਰਜ ਤੱਥ ਅਤੇ ਘਟਨਾਵਾਂ ਪ੍ਰਿ. ਸਤਿਬੀਰ ਸਿੰਘ ਦੀ ਪੁਸਤਕ 'ਸਾਡਾ ਇਤਿਹਾਸ-ਭਾਗ 2' ਵਿੱਚੋਂ ਲਏ ਗਏ ਹਨ)

ਹੱਡ ਬੀਤੀ

ਹਉਕਾ

ਨਵਤੇਜ ਪੁਆਧੀ



ਸ਼ਰਾਧਾਂ ਦੇ ਦਿਨ ਸਨ-ਸ਼ਾਇਦ ਕੱਲ੍ਹ ਤੋਂ ਨਵਰਾਤੇ ਚੜ੍ਹ ਪੈਣੇ ਸਨ। ਸ਼ਰਾਧ ਖਤਮ ਹੋਣ ਕਰਕੇ ਭਾਬੋ ਪੰਡਤਾਣੀ ਨੇ ਅੱਜ ਕੰਜਕਾਂ ਬਠਾਊਣੀਆਂ ਸਨ। ਉਸ ਨੇ ਘਰਦਿਆਂ ਨੂੰ ਕਹਿ ਕੇ ਮੈਨੂੰ ਵੀ ਰੋਕ ਲਿਆ ਸੀ।

'ਭਾਬੋ ਮਰਨ ਦੇ ਪਰ੍ਹਾਂ ਰੁੜ੍ਹ ਜਾਣੇ ਨੂੰ....' ਤਾਈ ਨੇ ਭਾਬੋ ਨੂੰ ਕਿਹਾ ਸੀ।

'ਕੋਈ ਨੀ ਮਾਂ ਮੇਹਟਰ ਆ ਬਚਾਰਾ....' ਭਾਬੋ ਨੇ ਤਾਈ ਨੂੰ ਮੋੜਿਆ ਸੀ। ਮੈਂ ਇਹ ਸਭ ਕੁਝ ਸੁਣ ਲਿਆ ਸੀ ਤੇ ਮਨ 'ਤੇ ਇਕ ਭਾਰ ਜਿਹਾ ਹੋ ਗਿਆ ਸੀ। 'ਮਰਨ ਦੇਂ' ਤੇ 'ਮਾਂ ਮੇਹਟਰ' ਦੋਹਾਂ ਸ਼ਬਦਾਂ ਦੇ ਵਿਅੰਗ ਤੇ ਸਹਿਜ ਸੁਭਾ ਨੇ ਮੇਰੀ ਛਾਤੀ ਪੱਛ ਕੇ ਲਹੂ ਲੁਹਾਨ ਕਰ ਦਿੱਤੀ ਸੀ ਤੇ ਮੇਰਾ ਸਿਰ ਭੌਣ ਲਗ ਪਿਆ ਸੀ। ਪਰ ਨਾਨਕੇ ਜਾਣ ਦੀ ਖੁਸ਼ੀ ਨੇ ਇਸ ਸਭ ਕੁਝ ਤੇ ਸੁਹਾਗਾ ਫੇਰ ਦਿੱਤਾ ਸੀ। ਮੈਂ ਅੱਜ ਨਾਨਕੇ ਜਾ ਰਿਹਾ ਸਾਂ। ਮਾਂ ਮਰਨ ਤੋ ਕਈ ਸਾਲ ਬਾਦ ਨਾਨਕੇ ਜਾਣ ਦਾ ਪ੍ਰੋਗਰਾਮ ਬਣਿਆ ਸੀ। ਇਹ ਵੀ ਪਤਾ ਨਹੀਂ ਕਿਵੇਂ ਰਾਤ ਬਾਪੂ ਜੀ ਨੇ ਆਪ ਹੀ ਭਟੇੜੀ ਮੇਰੇ ਨਾਨਕੇ ਪਿੰਡ ਜਾਣ ਦਾ ਮਨ ਬਣਾ ਲਿਆ ਸੀ।

ਜਿਦਣ ਦੀ ਮਾਂ ਮਰੀ ਸੀ, ਬਾਪੂ ਜੀ ਨੇ ਉਧਰ ਨੂੰ ਮੂੰਹ ਨਹੀਂ ਸੀ ਕੀਤਾ। ਪਤਾ ਨਹੀਂ ਨਾਨੇ ਨੇ ਮਾਂ ਮਰਨ ਤੇ ਕੁਝ ਉਲਟ ਪੁਲਟ ਕਹਿ ਦਿੱਤਾ ਸੀ ਬਾਪੂ ਜੀ ਨੂੰ। ਸੁਣਿਆਂ ਹੈ ਨਾਨੇ ਨੇ ਬਾਪੂ ਜੀ ਨੂੰ ਕਾਤਲ ਤੱਕ ਕਹਿ ਦਿੱਤਾ ਸੀ ਜਿਸ ਨੇ ਨਾਨੇ ਦੀ ਧੀ ਨੂੰ ਮਾਰ ਦਿੱਤਾ ਸੀ। ਬਸ ਇਸੇ ਕਰਕੇ ਬਾਪੂ ਜੀ ਨੇ ਉਧਰ ਨੂੰ ਕਦੇ ਮੂੰਹ ਵੀ ਨਹੀਂ ਸੀ ਕੀਤਾ ਤੇ ਨਾ ਕਦੇ ਮੇਰੇ ਨਾਨਕਿਆਂ ਤੋਂ ਕਿਸੇ ਨੇ ਸਾਡੇ ਵੱਲ ਮੁਖ ਕੀਤਾ ਸੀ

ਨਾਨਾ, ਮਾਮੇ ਤੇ ਮਾਸੀਆਂ ਜਦ ਸੁਨੇਹਾ ਭੇਜਦੇ, ਮੈਨੂੰ ਹੀ ਬਲਾਉਂਦੇ ਪਰ ਬਾਪੂ ਜੀ ਹਰ ਵਾਰ ਇਹ ਕਹਿ ਕੇ, 'ਮੈਂ ਕੀ ਭੇਜਾਂ ਮੁੰਡੇ ਨੂੰ...ਜਦ ਓ ਮਨੂੰ ਖੂਨੀ ਕੈਂਦੇ ਆ...ਜੇ ਓ ਉਨ੍ਹਾਂ ਦੀ ਕੁੜੀ ਤੀ, ਮੇਰੇ ਬੀ ਤਾਂ ਪੁੱਤ ਦੀ ਮਾਂ ਤੀ, ਮੇਰੀ ਕੁਛ ਨਾ ਸਈ, ਮੈਂ ਮਾਰ ਤਾਂ ਉਨੂ-ਕੈਂਦੇ ਕਿਆਂ ਓ...' ਖੇਤਾਂ ਵੱਲ ਨੂੰ ਤੁਰ ਜਾਂਦੇ।

ਤੇ ਅੱਜ ਖੀਰ ਪੋਲੀ ਤੋਂ ਬਾਦ ਪਤਾ ਨਹੀਂ ਕਿਉਂ ਬਾਪੂ ਜੀ ਨੇ ਮੇਰੇ ਨਾਨਕੇ ਜਾਣ ਦਾ ਇਰਾਦਾ ਬਣਾ ਲਿਆ ਸੀ। ਭਾਬੋ ਦੇ ਕੰਜਕਾਂ ਪੂਜਣ ਤੋਂ ਬਾਦ ਕੁਝ ਖਾ ਪੀ ਕੇ, ਮੈਂ ਤੇ ਬਾਪੂ ਜੀ ਮੇਰੇ ਨਾਨਕਿਆਂ ਨੂੰ ਤੁਰ ਪਏ।

ਹੁਣ ਮੈਂ ਦਸਮੀਂ ਵਿੱਚ ਪੜ੍ਹਦਾ ਸਾਂ। ਜਿੱਦਣ ਮਾਂ ਮਰੀ ਸੀ ਮੈ ਕੇਵਲ ਦੋ ਕੁ ਵਰ੍ਹਿਆਂ ਦਾ ਸਾਂ-ਤੇ ਕੇਵਲ ਇੰਨਾ ਹੀ ਚੇਤਾ ਜਿਹਾ ਆ ਰਿਹਾ ਹੈ ਕਿ ਜਿੱਦਣ ਮਾਂ ਮਰੀ ਸੀ ਮੈ ਅੰਤਾਂ ਦਾ ਰੋਇਆ ਸਾਂ ਤੇ ਵਿੱਚੋਂ ਸਾਡੇ ਕਿਸੇ ਨੇ ਇਹ ਵੀ ਕਹਿ ਦਿੱਤਾ ਸੀ, 'ਮਰਨ ਦੇ ਸਾਲੇ ਨੂੰ।' ਇਹ ਤਾਂ ਹੁਣ ਇੱਕ ਬਿਰਧ ਮਾਈ ਨੇ ਮੇਰੇ ਸਿਰ ਤੇ ਹੱਥ ਰੱਖ, ਮੈਨੂੰ ਪਿਆਰ ਕਰਦਿਆਂ ਦੱਸਿਆ ਸੀ, ਸ਼ਾਇਦ ਉਸ ਮਾਈ ਨੇ ਸਾਡੇ ਘਰ ਲਾਂਬੂ ਲਾਉਣ ਕਰਕੇ ਇਹ ਗੱਲ ਕਹੀ ਹੋਵੇ- ਪਤਾ ਨਹੀਂ ਰੱਬ ਜਾਣੇ। ਪਰ ਹੁਣ ਮੈਂ ਪੂਰੀ ਸੋਝੀ ਵਿੱਚ ਸਾਂ ਤੇ ਸਭ ਕੁਝ ਸਮਝਦਾ ਸਾਂ।

ਧੂੜ ਭਰੀਆਂ ਪਗਡੰਡੀਆਂ 'ਤੇ ਤੁਰਦਿਆਂ ਸਾਨੂੰ ਸ਼ਾਮ ਪੈ ਗਈ ਸੀ ਤੇ ਮੇਰਾ ਨਾਨਕਾ ਪਿੰਡ ਅਜੇ ਨੇੜੇ ਤੇੜੇ ਦਖਾਈ ਨਹੀਂ ਸੀ ਦੇ ਰਿਹਾ। ਮੈਂ ਜਦ ਵੀ ਬਾਪੂ ਜੀ ਤੋਂ ਪੁੱਛਦਾ, 'ਕਿੰਨੀ ਦੂਰ ਆ ਪਿੰਡ ਹੋਰ ਅਜੇ?'

'ਹਾਅ ਗੈਲੇ ਆ...ਤੁਰਿਆ ਤੂੰ ਬਸ -ਪੁਜਗੇ ਬਸ.....' ਤੇ ਬਾਪੂ ਜੀ ਹਰ ਵਾਰ ਇਹੋ ਕਹਿੰਦੇ।

ਦੁਪਹਿਰ ਤੋਂ ਸ਼ਾਮ ਤੱਕ ਬਾਪੂ ਜੀ ਤੋਂ ਇਹੋ ਕੁਝ ਸੁਣਦਿਆਂ ਮੈਂ ਉਨ੍ਹਾਂ ਦੇ ਮਗਰ ਤੁਰਦਾ ਗਿਆ। ਮੈਂ ਅਲਕਾਅ ਕੇ ਥੱਕ ਜਿਹਾ ਗਿਆ ਸਾਂ ਪਰ ਨਾਨੇ ਤੇ ਮਾਸੀਆਂ ਨੂੰ ਮਿਲਣ ਦੇ ਚਾ ਨੇ ਮੇਰਾ ਸਾਰਾ ਥਕੇਮਾਂ ਲਾਹ ਦਿੱਤਾ ਸੀ।

ਤੁਰਿਆ ਜਾਂਦਾ ਮੈਂ ਆਪਣੇ ਨਾਨੇ ਦੀ ਸ਼ਕਲ, ਆਪਣੇ ਮਾਮਿਆਂ ਦੀ ਸ਼ਕਲ ਤੇ ਮਾਸੀਆਂ ਦੀ ਸ਼ਕਲ ਨਿਹਾਰਦਾ ਜਾ ਰਿਹਾ ਸਾਂ ਕਿ ਉਹ ਕਿਵੇਂ ਦੇ ਹੋਣਗੇ। ਉਨ੍ਹਾਂ ਦੀ ਨੁਹਾਰ ਤੇ ਡੀਲ ਡੌਲ ਕਿਵੇਂ ਦੀ ਹੋਵੇਗੀ? ਪਿੰਡ ਵਾਲੇ ਕਈ ਵਾਰ ਕਹਿੰਦੇ ਸਨ ਕਿ ਤੂੰ ਤਾਂ ਮਾਮੇ ਮਾਸੀਆਂ ਤੇ ਗਿਆ ਐਂ। ਪਰ ਤਾਂ ਵੀ ਇਸ ਧੂੜ ਚੋਂ ਮੈਂ ਕੇਵਲ ਆਪਣੀ ਮਾਂ ਦੇ ਚਹਿਨ-ਚਕਰ ਦਾ ਅੰਦਾਜ਼ਾ ਲਾਉਦਾ ਸਾਂ, ਜਿਸ ਦੀ ਸ਼ਕਲ ਮੈਨੂੰ ਚੇਤਾ ਕਰਨ 'ਤੇ ਵੀ ਪੂਰੀ ਤਰ੍ਹਾਂ ਯਾਦ ਨਹੀ ਸੀ ਆਉਂਦੀ।

'ਵੇ ਪੁੱਤਾ! ਤੇਰੀ ਮਾਂ...ਤੇਰੀ ਮਾਂ ਦੀ ਕਿਆ ਰੀਸ ਤੀ-ਦੇਵੀ ਤੀ ਦੇਵੀ- ਪਰ ਦੇਵੀਆਂ ਨਾਲ ਸਦਾ ਐਕਣਾ ਇ ਹੋਇਆ ਐ...' ਪਿੰਡ ਵਿੱਚ ਹੀ ਇੱਕ ਵਾਰ ਇੱਕ ਬੁੱਢੀ ਮਾਈ ਨੇ ਮੈਨੂੰ ਸਕੂਲੋਂ ਪੜ੍ਹ ਕੇ ਆਉਂਦਿਆਂ ਰੋਕ ਕੇ ਪਿਆਰ ਦੇਂਦਿਆਂ ਕਿਹਾ ਸੀ।

'ਦੇਵੀਆਂ ਨਾਲ ਐਕਣਾ ਕਿਆ ਹੁੰਦਾ ਐ ਅੰਮਾਂ.....?', ਮੈਂ ਉਸ ਤੋਂ ਸੁਭਾਵਿਕ ਹੀ ਪੁੱਛਿਆ ਪਰ ਉਹ ਤਾਂ ਇੰਨੇ ਨੂੰ ਕੁਝ ਕਿਹਾ ਬਗੈਰ ਹੀ ਦੂਰ ਲੰਘ ਗਈ ਸੀ। ਸ਼ਾਇਦ ਸਾਡੇ ਘਰ ਦਾ ਕੋਈ ਆ ਰਿਹਾ ਸੀ। ਮੈਂ ਸੋਚਾਂ ਵਿੱਚ ਡੁੱਬਿਆ ਘਰ ਵੱਲ ਤੁਰ ਪਿਆ। ਦੇਵੀਆਂ ਬਾਰੇ ਸੋਚਦਾ ਰਿਹਾ ਸਾਂ ਜਿਨ੍ਹਾਂ ਚੋਂ ਮੇਰੀ ਮਾਂ ਵੀ ਇੱਕ ਸੀ। ਉਸ ਮਾਈ ਦੇ ਕਹਿਣ ਅਨੁਸਾਰ। ਉਸ ਨਾਲ ਕੀ ਹੋਇਆ ਇਹ ਤਾਂ ਰੱਬ ਜਾਣਦਾ ਹੈ। ਮੈਂ ਕੀ ਜਾਣਾ। ਪਰ ਤੁਰਿਆਂ ਜਾਂਦਿਆਂ ਮੈਨੂੰ ਇਹ ਗੱਲ ਯਾਦ ਆ ਗਈ ਸੀ। ਮੈਂ ਬੈਹਚਲ ਜਿਹਾ ਬਾਪੂ ਜੀ ਦੇ ਮਗਰ ਮਗਰ ਤੁਰਦਾ ਗਿਆ। ਸੋਚਦਾ ਗਿਆ ਕਿ ਸ਼ਾਇਦ ਇਸੇ ਕਰਕੇ ਮੇਰੇ ਨਾਨਕੇ ਬਾਪੂ ਜੀ ਨੂੰ ਖੂਨੀ ਕਹਿੰਦੇ ਸਨ ਤੇ ਮੈਂ ਇੱਕ ਲੰਮਾ ਹਾਉਕਾ ਲੈ ਕੇ ਆਪਣੀ ਛਾਤੀ ਸਾਫ ਕੀਤੀ।

'ਤੁਰਿਆ ਤੁਰਿਆ ਪੁਜਗੇ ਬਸ ਹੁਣ ਤਾਂ ..... ਉ ਮੂਰੇ

ਜਿਥੇ ਖਾਸੇ ਦਰੱਖ਼ਤ ਜੇ ਦਖਾਈ ਦੰਦੇ ਆ.....ਬਸ ਓਹੀ ਆ ਭਟੇੜੀ। ... ਨੇਰ੍ਹੇ ਤੇ ਪੈਲਾਂ ਪੁਜ ਜਾਣਾ ਉਥੇ ਆਪਾਂ ....' ਤੇ ਬਾਪੂ ਜੀ ਨੇ ਆਪਣੇ ਆਪ ਹੀ ਦੂਰ ਪਰ੍ਹਾਂ ਅੰਬਾਂ ਦੇ ਬਾਗ ਵਲ ਇਸ਼ਾਰਾ ਕਰਕੇ ਕਿਹਾ। ਜੱਦ ਅਸੀ ਅੱਗੇ ਪੁੱਜੇ ਤਾਂ ਉਹ ਪਿੰਡ ਨਹੀ ਸੀ ਸਗੋ ਇੱਕ ਅੰਬਾਂ ਦਾ ਹੀ ਬਾਗ ਸੀ। ਸ਼ਾਮ ਪੈਣ ਕਰਕੇ ਬਾਗ ਵਿੱਚ ਗਿਰਝਾਂ ਤੇ ਕਾਵਾਂ ਨੇ ਆਪਣੀਆ ਤਿੱਖੀਆਂ ਅਵਾਜਾਂ ਨਾਲ ਬਾਗ ਨੂੰ ਸਿਰ ਤੇ ਚੁੱਕ ਰੱਖਿਆ ਸੀ। ਕਿੱਤੇ- ਕਿੱਤੇ ਕਮਾਦਾਂ 'ਚੋ' ਗਿੱਦੜ ਵੀ ਹਵਾਂਕਣ ਲਗ ਪਏ ਸਨ। ਇਨ੍ਹਾਂ ਅਵਾਜਾਂ ਨੇ ਇਸ ਘੁਸਮੁਸੇ ਨੂੰ ਹੋਰ ਵੀ ਹੌਲਨਾਕ ਬਣਾ ਦਿੱਤਾ ਸੀ। ਮੈ ਤਾਂ ਸੱਚੀ ਮੁੱਚੀ ਡਰ ਵੀ ਗਿਆ ਸਾਂ। ਇੱਕ ਵੇਰ ਤਾਂ ਜੀ ਕੀਤਾ ਕਿ ਬਾਪੂ ਜੀ ਨੂੰ ਕਹਿ ਹੀ ਦੇਵਾਂ ਕਿ ਚਲੋ ਮੁੜ ਚਲੀਏ -ਜੇ ਪਤਾ ਨੀ ਕੁਛ...." ਪਰ ਬਾਪੂ ਜੀ ਦੀ ਝਈ ਤੋ ਡਰ ਲਗਦਾ ਸੀ ਕਿ ਸੱਚੀ ਹੀ ਨਾ ਮੁੜ ਪੈਣ।

ਬਾਗ ਲੰਘ ਕੇ ਥੋੜ੍ਹੀ ਦੂਰ ਪਰ੍ਹਾਂ ਕੁਝ ਰੋਸ਼ਨੀਆਂ ਦਿਖਾਈ ਦਿੱਤੀਆਂ- ਮੇਰੇ ਸਾਹ ਵਿੱਚ ਸਾਹ ਆਇਆ। "ਬਸ ਉ ਦੇਖ ਆ ਗਿਆ ਪਿੰਡ..." ਬਾਪੂ ਜੀ ਨੇ ਕੁਝ ਉਤਸ਼ਾਹ ਜਿਹੇ ਨਾਲ ਕਿਹਾ ਪਰ ਮੈ ਤਾਂ ਮੋਨ ਧਾਰੀ ਉਨ੍ਹਾ ਦੇ ਪਿੱਛੇ ਜਾ ਰਿਹਾ ਸਾਂ। ਮੈਨੂੰ ਲੱਗ ਰਿਹਾ ਸੀ ਜਿਵੇ ਬਾਪੂ ਜੀ ਵੀ ਭਟੇੜੀ ਦਾ ਜੁਗਰਾਫੀਆ ਭੁੱਲ ਗਏ ਸਨ। ਸਾਲ ਵੀ ਤਾਂ ਵੀਹ ਹੋ ਗਏ ਸਨ ਉਨ੍ਹਾਂ ਨੂੰ ਇੱਧਰ ਆਇਆਂ ਤੇ ਹੁਣ ਤਾਂ ਜੁੱਗ ਬੀਤ ਗਿਆ ਸੀ।

ਜਦ ਅਸੀਂ ਭਟੇੜੀ ਪੁੱਜੇ ਤਾਂ, ਟੋਭੇ ਦੇ ਕੰਢੇ ਸਾਧਾਂ ਦੇ ਡੇਰੇ ਵਿੱਚ ਸੰਖ ਪੂਰਿਆ ਗਿਆ ਸੀ ਤੇ ਘੜਾਲ ਖੜਕ ਗਿਆ ਸੀ। ਗੁਰਦਵਾਰੇ ਵਿੱਚ ਰਹਿਰਾਸ ਦਾ ਭੋਗ ਪੈ ਗਿਆ ਸੀ ਤੇ ਲੋਕ ਪ੍ਰਸ਼ਾਦ ਲੈ ਕੇ ਘਰੋ ਘਰੀਂ ਜਾ ਰਹੇ ਸਨ। ਅਸੀਂ ਡਰਦੇ ਜਿਹੇ ਤੇ ਸਹਿਮੇ ਜਿਹੇ ਰਾਤ ਦੇ ਨੇਰ੍ਹੇ ਵਿੱਚ ਘਰ ਜਾ ਕੇ ਵੜੇ ਤੇ ਸਾਰਾ ਪ੍ਰਵਾਰ ਸਾਨੂੰ ਦੇਖ ਕੇ ਅਚੰਭੇ ਜਿਹੇ ਵਿੱਚ ਪੈ ਗਿਆ ਸੀ ।

ਇੱਕ ਬਿਰਧ ਮੰਜੇ ਤੋਂ ਉੱਠ ਕੇ ਮੈਨੂੰ ਆਪਣੀ ਜੱਫੀ ਵਿੱਚ ਘੁੱਟ ਕੇ ਕਿੰਨਾਂ ਹੀ ਚਿਰ ਪਿਆਰ ਕਰਦਾ ਰਿਹਾ ਤੇ ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਬਿਰਧ ਦੀਆਂ ਅੱਖੀਆਂ ਦਾ ਕੋਸਾ ਪਾਣੀ ਬੁੱਢੀ ਦਾੜੀ ਤੋਂ ਤਿੱਪ-ਤਿੱਪ ਮੇਰੇ ਮੂੰਹ ਤੇ ਡਿੱਗ ਰਿਹਾ ਸੀ। ਉਹ ਮੇਰਾ ਨਾਨਾ ਸੀ। ਇੰਨੇ ਨੂੰ ਮੇਰੀਆਂ ਮਾਸੀਆਂ ਤੇ ਭੈਣਾਂ ਭਰਾ ਵੀ ਆ ਕੱਠੇ ਹੋਏ ਸਨ। ਜਿਹੜਾ ਵੀ ਆਉਂਦਾ ਸੀ, ਮੇਰਾ ਸਿਰ ਆਪਣੀ ਗੋਦੀ ਵਿੱਚ ਲੈ ਕੇ ਰੋਣ ਲਗ ਪੈਂਦਾ ਸੀ ਤੇ ਮੈਂ ਤਾਂ ਲਗਾਤਾਰ ਰੋਈ ਹੀ ਜਾ ਰਿਹਾ ਸਾਂ। ਬਾਪੂ ਜੀ ਨਾਲ ਵਾਲੇ ਮੰਜੇ 'ਤੇ ਗੁੰਮ-ਸੁੰਮ ਹੋਏ ਬੈਠੇ ਸਨ। ਘਰ ਦਾ ਮਾਹੌਲ ਕੁਝ ਹੋਰ ਹੀ ਤਰ੍ਹਾਂ ਦਾ ਹੋ ਗਿਆ ਸੀ।

'ਵੇ ਮੇਰੀ ਮਰੀ ਨਣਦ ਦੀ ਨਸ਼ਾਨੀ ਆ ਤੂੰ ਤਾਂ ਪੁੱਤਾ .....ਕਿਥੇ ਖੋ ਗਿਆ ਤਾ ਸਾਨੂੰ ਭੁਲਾ ਕੇ?....'ਮਾਮੀ ਵੀ ਡੁਸਕੀਆਂ ਭਰਨ ਲਗ ਪਈ ਸੀ। ਮੈ ਇੱਕ ਲੰਮਾ ਹਾਉਕਾ ਭਰਿਆ ।

'ਹੈ ਵੇ ਪੁਤ ਆਹ ਹਾਉਕਾ ..... ਵੇ ਪੁਤਾ ਆਹ ਰੋਗ ਤੈਂ ਕਿਧਰੋਂ ਸਹੇੜ ਲਿਆ ... ਹਾਉਕਾ ਤਾਂ ਨਾ-ਮਰਾਦ ਹੁੰਦਾ ਐ ... ਤੇਰੀ ਮਾਂ ਬੀ ਐਓਂ ਹਾਉਕਾ ਲੈਂਦੀ ਹੁੰਦੀ ਤੀ ਜਦ ਤੇਰੇ ਜਣੇਪੇ ਨੂੰ ਇੱਥੇ ਆਈ ਤੀ .....ਹਾਉਕਾ ਇ ਖਾ ਗਿਆ ਬਚਾਰੀ ਨੂੰ... ਫੇਰ ਤਾਂ ਮੁੜਿਓ ਨੀ ਨਕਰਮਣ ..... ਪਰ ਤਨੂੰ ਪੁੱਤ ਕਾਦਾ ਝੋਰਾ ਐ... ਸੁੱਖੀ ਜਾਂਦੀ ...',ਤੇ ਮਾਮੀ ਮੁੜ ਰੋਣ ਲੱਗ ਪਈ ਸੀ ਪਰ ਮੇਰਾ ਤਾਂ ਪਹਿਲਾਂ ਹੀ ਰੋਣ ਬੰਦ ਨਹੀਂ ਸੀ ਹੋ ਰਿਹਾ। 'ਰੋਟੀ ਟੁੱਕ ਦਾ ਹੀਲਾ ਕਰੋ ਭਾਈ, ਸਵੇਰ ਦੇ ਤੁਰੇ ਹੋਣੇ ਆਂ....' ਨਾਨੇ ਨੇ ਮਾਮੀਆਂ ਨੂੰ ਕਿਹਾ। ਇਹ ਗੱਲਾਂ ਹੋ ਹੀ ਰਹੀਆਂ ਸਨ ਜਦ ਵੱਡੇ ਮਾਮੇ ਦੀ ਕੁੜੀ ਮੇਰੀ ਭੈਣ ਦੋ ਦੁੱਧ ਦੇ ਕੰਗਣੀ ਵਾਲੇ ਗਲਾਸ ਲੈ ਆਈ। ਇੱਕ ਮੈਨੂੰ ਫੜਾ ਦਿੱਤਾ ਤੇ ਦੂਜਾ ਆਪਣੇ ਫੁਫੜ ਨੂੰ। ਮੇਰਾ ਦੁੱਧ ਪੀਣ ਨੂੰ ਜੀ ਨਹੀਂ ਸੀ ਕਰਦਾ। ਭੁੱਖ ਜਾਂਦੀ ਰਹੀ ਸੀ ਪਰ ਮਾਮੀ ਤਾਂ ਮੇਰੇ ਵਿੱਚ ਹੀ ਅੱਖਾਂ ਗੱਡੀ ਬੈਠੀ ਸੀ।

'ਬਾਪੂ ਜੀ! ਦੇਖਿਆ ਮੁੰਡੇ ਨਾ ਹਾਉਕਾ ਕਿੱਡਾ ਲਿਆ ਐ ਮਾ-ਮਰਾਦ ਹਾਉਕਾ.....ਸੀਬੋ ਬੀ ਐਕਣਾ ਇ ਹਾਉਕਾ ਲੰਦੀ ਹੁੰਦੀ ਤੀ .....', ਮਾਮੀ ਨੇ ਮੇਰੇ ਨਾਲ ਹੀ ਬੈਠੇ ਮੇਰੇ ਨਾਨੇ ਨੂੰ ਘੁੰਡ ਚੋਂ ਕਿਹਾ। 'ਹਾਂ ਭਾਈ ਸੁਣ ਲਿਆ। ਸਤਨਾਮ ਕਹਿ ਬਸ ....'। ਪਤਾ ਨਹੀਂ ਕਿਉਂ ਮੇਰੇ ਨਾਨੇ ਨੇ ਵੀ ਇੱਕ ਹਾਉਕਾ ਭਰਿਆ, ਜੋ ਮੈਂ ਸੁਣ ਲਿਆ ਸੀ। ਬਹੁਤ ਦੁਖ ਭਰਿਆ ਹਾਉਕਾ ਸੀ। ਨਾਨਾ ਸ਼ਾਇਦ ਆਪਣੀ ਧੀ ਦਾ ਨਾਂ ਸੁਣ ਕੇ ਵੀ ਉਦਾਸ ਹੋ ਗਿਆ ਸੀ ਤੇ ਉਸ ਦੀਆਂ ਅੱਖੀਆਂ 'ਚੋਂ ਮੁੜ ਕੋਸੇ ਅਥਰੂ ਡਿੱਗੇ ਜਿਹੜੇ ਮੇਰੇ ਹੱਥਾਂ 'ਤੇ ਡਿੱਗੇ ਸਨ। ਮੈਂ ਉਹ ਬੱਤੀ ਦੇ ਚਾਨਣ ਵਿੱਚ ਦੇਖ ਲਏ ਸਨ ਜਿਹੜੇ ਕੁਝ ਬਾਬੇ ਦੀ ਚਿੱਟੀ ਦਾੜੀ ਤੇ ਬਲੋਰਾਂ ਵਾਂਗ ਅਜੇ ਵੀ ਚਮਕ ਰਹੇ ਸਨ। ਰੋਟੀ ਟੁੱਕ ਖਾ ਕੇ ਮੈਂ ਜਾਂਦਾ ਹੀ ਮੰਜੇ ਤੇ ਸੌਂ ਗਿਆ। ਸਵੇਰੇ ਜਦ ਜਾਗ ਖੁਲ੍ਹੀ ਤਾਂ ਮੰਜੇ ਦਾਲੇ ਮਾਮੇ, ਮਾਮੀਆਂ ਤੇ ਭੈਣਾਂ ਭਰਾ ਕੱਠੇ ਹੋਏ ਬੈਠੇ ਸਨ।

'ਤਾਈ ਤਾਂ ਨੀ ਮਾਰਦੀ ਹੁੰਦੀ ....'? ਮਾਮੇ ਨੇ ਪੁੱਛਿਆ ।

'ਨਹੀਂ ....' ਮੈਂ ਉੱਤਰ ਦਿੱਤਾ ।

ਤੇ ਮੈਂ ਇਹ ਆਖ ਚੁੱਪ ਕਰ ਗਿਆ ਜਿਵੇਂ ਮੈਂ ਝੂਠ ਬੋਲਿਆ ਹੋਵੇ ਤੇ ਸਭ ਕੁਝ ਠੀਕ ਠਾਕ ਨਾ ਹੋਵੇ ।

'ਮਾਂ ਨੀ ਜਾਦ ਆਉਂਦੀ ਤਨੂੰ ਕਦੀਂ ....?' ਵੱਡੇ ਮਾਮੇ ਨੇ ਪੁੱਛਿਆ। ਉਸ ਦਾ ਬੋਲ ਭਾਰਾ ਜਿਹਾ ਹੋ ਗਿਆ ਸੀ- ਵੱਡਾ ਮਾਮਾ ਸੱਚੀਂ ਹੀ ਰੋ ਪਿਆ ਸੀ। ਤੇ ਮੈਂ ਇੱਕ ਦਮ ਸੇਲ ਪੱਥਰ ਬਣ ਗਿਆ ਸਾਂ। ਪਰ ਮੇਰੀਆਂ ਅੱਖੀਆਂ ਨੇ ਸੌਣ ਲਾ ਦਿੱਤਾ ਸੀ ਤੇ ਇੱਕ ਲੰਮਾ ਹਾਉਕਾ ਭਰਕੇ ਮੈਂ ਮੁੜ ਮੰਜੇ ਤੇ ਲੰਮਾ ਪੈ ਗਿਆ ਸੀ।

'ਰੋਟੀ ਟੁੱਕ ਕਰ ਛੇਤੀ, ਪਰੌਣਾ ਕੈਂਦਾ ਆ ਮੁੜਨਾ ਐ ਪਿੱਛੇ ....' ਵੱਡੇ ਮਾਮੇ ਨੇ ਮਾਮੀ ਨੂੰ ਕਿਹਾ। ਮੈਂ ਤਾਂ ਜਿਵੇਂ ਇਹ ਗੱਲ ਸੁਣ ਕੇ ਸੁੰਨ ਜਿਹਾ ਹੀ ਹੋ ਗਿਆ। ਮੇਰਾ ਤਾਂ ਭੈਣ ਭਰਾਵਾਂ ਤੇ ਮਾਮੇ ਮਾਸੀਆਂ 'ਚੋਂ ਪਿੰਡ ਮੁੜਨ ਨੂੰ ਜੀ ਨਹੀ ਸੀ ਕਰਦਾ।

'ਅੱਜ ਨੀ ਜਾਣਾ, ਵਾਰ ਠੀਕ ਨੀ। ਨਾਲੇ ਦੋ ਦਿਨ ਰਹੋ। ਜੁਗਾਂ ਬਾਦ ਆਏ ਆ...'। ਮਾਮੀ ਨੇ ਬਾਪੂ ਜੀ ਨੂੰ ਕਿਹਾ। ਦਾਲ ਸਬਜ਼ੀ ਬਣਾਉਦੀ ਮਾਮੀ ਅੰਦਰੋਂ ਬਾਹਰ ਆ ਗਈ। 'ਕੋਈ ਨੀ ਕੰਮ ਖਰਾਬ ਹੁੰਦਾ ਇਕ ਦਿਨ ਮਾਂ...'।

''ਰਘਬਰ ਚੱਲੀਏ ਕ ਰੈਣਾ ਐ.... ।'' ਬਾਪੂ ਜੀ ਨੇ ਸੱਚਾ ਹੋਣ ਲਈ ਮੈਤੋਂ ਪੁੱਛਿਆ। ਪਰ ਮੈ ਕੁੱਝ ਨਹੀ ਬੋਲਿਆ ਅਤੇ ਇੱਕ ਲੰਮਾ ਹਾਉਕਾ ਭਰਕੇ ਸ਼ਾਂਤ ਹੋ ਗਿਆ ਸਾਂ ।

''ਕਿਆ ਗੱਲ ਆ ਬੁੱਗੇ, ਐਡੇ ਹਾਊਕੇ ਲੈਂਦਾ ਐਂ' ਵੱਡੇ ਮਾਮੇ ਨੇ ਮੇਰਾ ਸਿਰ ਗੋਦੀ ਵਿੱਚ ਲੈ ਲਿਆ।

ਨਾਨਾ ਵੀ ਖੇਤਾਂ ਵੱਲੋਂ ਮੁੜ ਆਇਆ ਸੀ। ''ਕਿਆ ਗਲ ਆ ਬਈ ਚੁਪ ਚਾਂ ਜੀ ਹੋਈ ਪਈ ਆ...'' ਨਾਨੇ ਨੇ ਘਰ ਦਾ ਮਾਹੌਲ ਸੋਗੀ ਜਿਹਾ ਦੇਖ ਕੇ ਪੁਛਿਆ ।

''ਗਲ ਤਾਂ ਕੁਛ ਨੀ .. ਥੁਆਡਾ ਦੋਤਾ ਹਾਊਕੇ ਕਿਡੇ ਕਿਡੇ ਲੈਦਾ ਆ... ।'' ਮੇਰੀ ਮਾਮੀ ਨੇ ਆਪਣੇ ਸੌਹਰੇ ਨੂੰ ਕਿਹਾ।

''ਬਾਖਰੂ ਜਾਣੇ ...' ਨਾਨਾ ਅਗੇ ਕੁਝ ਨਾ ਬੋਲਿਆ।

''ਭਾਈ ਸੰਝ ਨੂੰ ਡੇਰੇ ਆਲੇ ਸੰਤ ਤੋਂ ਇਦਾ ਹੱਥ ਹੌਲਾ ਕਰ ਲਿਆਂ ਦੀ...ਮੈ ਕੈਦੂੰਗਾ ਉਨੂ...।'' ਨਾਨੇ ਨੇ ਆਪਣੀ ਨੂੰਹ ਨੂੰ ਕਿਹਾ ।

ਸ਼ਾਮ ਪੈਂਦਿਆਂ ਹੀ ਮੇਰੇ ਨਾਨਕੇ ਘਰ ਵਿੱਚ ਮੇਲਾ ਜਿਹਾ ਲੱਗ ਗਿਆ। ਹਰ ਕੋਈ ਮੇਰੀ ਸੁਖਸਾਂਦ ਪੁੱਛਣ ਤੇ ਮੈਨੂ ਦੇਖਣ ਆ ਰਿਹਾ ਸੀ। ਹਰ ਕੋਈ ਆਉਣ ਵਾਲਾ ਮੇਰੇ ਸਿਰ 'ਤੇ ਪਿਆਰ ਦੇ ਰਿਹਾ ਸੀ।

''ਵੇ ਪੁਤ ਤੂੰ ਤਾਂ ਸੀਬੋ ਦਾ ਚਰਾਗ ਆਂ...।'' ਮੇਰੇ ਦਾਲੇ ਆ ਕਠੀਆਂ ਹੋਈਆਂ ਮਾਈਆਂ ਵਿਚੋਂ ਇਕ ਨੇ ਕਿਹਾ। ਮਾਂ ਦਾ ਨਾਂ ਸੁਣ ਕੇ ਮੇਰੀਆਂ ਅੱਖਾਂ ਭਰ ਆਈਆਂ।

''ਬੀਬੀ ਦਾ ਬੂਜਾ ਤਾਂ ਸੋਨਾ ਗਭਰੂ ਨਿਕਲਿਆ ਐ ਆਪਣੇ ਨਾਨੇ ਪਰ ਗਿਆ ਐ ਰਬ ਸੁਖੀ ਰੱਖੇ ਬਚਾਰੇ ਨੂੰ' ਇਕ ਨੇ ਕਿਹਾ ।

ਐਨੇ ਚਿਰ ਨੂੰ ਡੇਰੇ ਆਲਾ ਸੰਤ ਵੀ ਆ ਗਿਆ ਸੀ, ਸਭ ਜਾਣੀਆਂ ਉਸ ਦੇ ਪੈਰੀ ਹੱਥ ਲਾ ਕੇ ਪਿੱਛੇ ਹੱਟ ਗਈਆਂ।

''ਪੁੱਤ ! ਸੰਤਾਂ ਦੇ ਪੈਰੀਂ ਹੱਥ ਲਾ ਉਠ ਕੇ '' ਨਾਨੇ ਨੇ ਕਿਹਾ ਤੇ ਮੈਨੂੰ ਜਫੀ ਵਿੱਚ ਲੈ ਲਿਆ ਸੀ।

''ਹਾਂ ਤਾਂ ਤੂੰ ਇ ਸਾਡੀ ਧੀ ਦੀ ਨਸਾਨੀ। ਪੁੱਤ ਕਦੀ ਜੀ ਨੀ ਕਰਿਆ ਏਨਾਂ ਭਗਤਾਂ ਨੂੰ ਮਿਲਣ ਨੂੰ?'' ਸੰਤਾਂ ਦੀ ਜੱਫੀ ਵਿੱਚ ਮੈਨੂੰ ਇੱਕ ਅਪਣੱਤ ਜਿਹੀ ਦਾ ਅਹਿਸਾਸ ਹੋ ਰਿਹਾ ਸੀ। ਮੈਂ ਸੰਤਾਂ ਦੀ ਇਹ ਗੱਲ ਸੁਣ ਕੇ ਇੱਕ ਲੰਮਾ ਹਾਊਕਾ ਖਿਚਿਆ। ਸੰਤ ਮੇਰਾ ਹਾਊਕਾ ਸੁਣ ਕੇ ਅਚੰਭੇ ਜਿਹੇ ਵਿੱਚ ਪੈ ਗਏ, ਸ਼ਾਇਦ ਨਾਨੇ ਨੇ ਦਿਨ ਵਿੱਚ ਮੇਰੇ ਹਾਊਕੇ ਬਾਰੇ ਕੋਈ ਗਲ ਨਹੀ ਸੀ ਕੀਤੀ ।

''ਬੂਜਾ ਹਾਉਕਾ ਕਿਮੇਂ ਲੈਂਦਾ ਐ ਮਹਾਂ ਪੁਰਖੋ...?'' ਨਾਨੇ ਨੇ ਸੰਤਾਂ ਨੂੰ ਕਿਹਾ ਪਰ ਸੰਤ ਤਾਂ ਚੁੱਪ ਸਨ ।

''ਜੈ ਭੋਲੇ ਨਾਥ...'' ਆਖ ਸੰਤਾਂ ਨੇ ਮੇਰੇ ਸਿਰ ਤੇ ਹੱਥ ਫੇਰਿਆ ਤੇ ਮੈਨੂੰ ਥਾਪੜਾ ਦੇ ਨਾਨੇ ਨੂੰ ਨਾਲ ਲੈ ਕੇ ਬਾਹਰ ਨਿਕਲ ਗਏ। ''ਲਉ ਜੀ ਥੋੜ ਜਾ ਦੁਧ ਪੀ ਲੌ... '' ਮਾਮੀ ਨੇ ਬਾਹਰ ਆ ਕੇ ਦੁਧ ਦਾ ਗਿਲਾਸ ਫੜਾਉਦਿਆਂ ਸੰਤਾਂ ਨੂੰ ਕਿਹਾ, 'ਸੰਤ ਜੀ ਮੇਰੇ ਪੁੱਤ ਨੂੰ ਠੀਕ ਕਰ ਦੋ-ਹਾਊਕਾ ਕਿਡਾ ਲੈਦਾ ਐ। ਚੰਦਰਾ ਹਾਊਕਾ...ਕਰੋ ਕੁਛ'। ਮੈਂ ਇਹ ਸਭ ਕੁੱਝ ਅੰਦਰ ਸੁਣ ਲਿਆ ਸੀ।

''ਲੈ ਚੱਲਿਆਂ ਵੱਡਿਆਂ ਨੂੰ ਗੈਲੇ'। ਦੁੱਧ ਪੀ ਗਲਾਸ ਉਂਥੇ ਹੀ ਥੱਲੇ ਰੱਖ ਸੰਤ ਨਾਨੇ ਨੂੰ ਨਾਲ ਲੈ ਡੇਰੇ ਚਲੇ ਗਏ। ਰਾਤ ਪੈ ਗਈ ਸੀ।

ਨਾਲ ਦੇ ਘਰ ਤ੍ਰਿੰਜਣ ਪੈ ਗਿਆ ਸੀ। ਚਰਖੇ ਦੀਆਂ ਘੂਕਰਾਂ ਸੁਣਾਈ ਦੇ ਰਹੀਆਂ ਸਨ। ਨਾਨੇ ਨੇ ਡੇਰੇ ਤੋਂ ਮੁੜ ਕੇ ਅੰਦਰ ਵੜਦਿਆਂ ਕਿਹਾ,''ਲਉ ਭਾਈ ਆਹ ਧੂਪ ਬੱਤੀ ਕਰੋ ਸਾਰੇ ਘਰ ਮਾਂ,ਸੰਤਾਂ ਨੇ ਦਿਤੀ ਆ''ਨਾਨੇ ਨੇ ਧੂਪ ਮਾਮੀ ਨੂੰ ਦੇਂਦਿਆਂ ਕਿਹਾ।

ਮੈਨੂੰ ਨੀਂਦ ਜੋਰਾਂ ਦੀ ਆ ਰਹੀ ਸੀ। ਪਰ ਮਾਮੀਆਂ ਜਾਏ ਭੈਣ ਭਰਾ ਮੁੜ ਮੇਰੇ ਦਾਲੇ ਆਂ ਕਠੇ ਹੋਏ ਸਨ।

ਸਵੇਰੇ ਉੱਠਦਿਆਂ ਹੀ ਬਾਪੂ ਜੀ ਨੇ ਪਿੰਡ ਮੁੜਨ ਦੀ ਕਾਹਲ ਪਾ ਦਿੱਤੀ। ਘਰਦਿਆਂ ਦੇ ਕਹਿਣ ਤੇ ਵੀ ਉਹ ਨਹੀਂ ਮੰਨੇ ਤੇ ਵਾਪਸ ਮੁੜਨ ਲਈ ਤਿਆਰ ਹੋ ਗਏ ਸਨ। ਮਾਮੀ ਨੇ ਸਾਨੂੰ ਦਹੀਂ ਨਾਲ ਪਰੋਂਠੇ ਦਿੱਤੇ। ਅਸੀਂ ਖਾ ਕੇ ਤੁਰਨ ਲੱਗੇ ਤਾਂ ਮਾਮੀ ਨੇ ਮੇਰੀ ਪੱਗ ਥੱਲੇ ਬਾਲਾਂ ਵਿੱਚ ਲਸਣ ਦੀਆਂ ਪੋਥੀਆਂ ਟੰਗਦਿਆਂ ਕਿਹਾ, 'ਓਪਰੀ ਵਾ ਦਾ ਬਚਾ ਹੈਂਦਾ ਐ..'। ਮੈਂ ਇੱਕ ਲੰਮਾ ਹਾਉਕਾ ਭਰਿਆ । ਮਾਮੀ ਮੈਨੂੰ ਜੱਫੀ ਵਿੱਚ ਲੈ ਕੇ ਰੋਣ ਲੱਗ ਪਈ। ਮੈਂ ਵੀ ਰੋਣ ਲੱਗ ਪਿਆ ਸੀ।

“ਵੇ ਪੁੱਤ ਮੇਰੇ ਕੋਲ ਹੁੰਦਾ ਸੌ ਲਾਜ ਕਰਦੀ ਤੇਰਾ ...” ਤੇ ਉਸ ਨੇ ਆਪਣੀ ਚੁੰਨੀ ਨਾਲ ਮੇਰੀਆਂ ਅੱਖਾਂ ਸਾਫ ਕੀਤੀਆਂ। ਮੇਰੇ ਭੈਣ ਭਰਾ ਮੇਰੇ ਨਾ ਚਿਮੜੇ ਰੋ ਰਹੇ ਸਨ।

“ਬਾਈ ਹੁਣ ਕਦ ਆਵੇਗਾਂ ...?” ਸਾਰਿਆਂ ਦਾ ਰਲਵਾਂ ਸਵਾਲ ਸੀ ਪਰ ਮੈਂ ਤਾਂ ਚੁੱਪ ਸਾਂ।

“ਆਹੋ ਆ ਜੁਗਾ ਛੇਤੀ ਓ...” ਇਹ ਮੇਰੀਆਂ ਭੈਣਾਂ ਤੇ ਭਰਾਵਾਂ ਦੇ ਫੁਫੜ ਦਾ ਉਤਰ ਸੀ ਰੁੱਖਾ ਜਿਹਾ,..ਤੁਰਨ ਦੋ ਹੁਣ ਸਾਨੂੰ”।

ਨਾਨਾ ਨੇੜੇ ਹੀ ਸ਼ਾਂਤ ਅਡੋਲ ਖੜ੍ਹਾ ਸੀ ਜਿਵੇਂ ਕੋਈ ਬੁੱਤ ਹੋਵੇ। ਅਸੀਂ ਤੁਰਨ ਲੱਗੇ ਤਾਂ ਸਾਰਾ ਟੱਬਰ ਰੋ ਰਿਹਾ ਸੀ ਤੇ ਮੈਂ ਵੀ। ਨਾਨੇ ਨੇ ਮੈਨੂੰ ਜੱਫੀ ਵਿੱਚ ਘੁੱਟ ਕੇ ਪਿਆਰ ਦਿੱਤਾ। ਮਾਮੇ ਮਾਮੀਆਂ ਤੇ ਭੈਣ ਭਰਾਵਾਂ ਦਾ ਪਿਆਰ ਲੈ ਅਸੀ ਉਨ੍ਹਾਂ ਹੀ ਧੂੜ ਭਰੀਆਂ ਡੰਡੀਆਂ ਤੇ ਪੱਗਡੰਡੀਆਂ ਤੇ ਚੁੱਪ-ਚਾਪ ਤੁਰ ਪਏ ਜਿਨ੍ਹਾਂ ਦੀ ਧੂੜ ਫੱਕ ਕੇ ਪਰਸੋਂ ਇੱਥੇ ਪੁੱਜੇ ਸੀ।

•ਲੇਖਕ ਰੂਪਨਗਰ ਜ਼ਿਲ੍ਹੇ ਦੇ ਪਿੰਡ ਭਿਉਰਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਪੰਜਾਬੀ ਸਾਹਿਤ ਅਕੈਡਮੀ ਦਿੱਲੀ ਵਲੋਂ ਸਨਮਾਨਿਤ ਪ੍ਰਸਿੱਧ ਕਹਾਣੀਕਾਰ ਸਨ ਜੋ 15 ਅਗਸਤ 1998 ਨੂੰ ਅਕਾਲ ਚਲਾਣਾ ਕਰ ਗਏ ਸਨ। ਆਪ ਭਾਰਤ ਸਰਕਾਰ ਦੇ ਪਛੜੀਆਂ ਸ਼੍ਰੇਣੀਆਂ ਬਾਰੇ ਕੌਮੀ ਕਮਿਸ਼ਨ ਦੇ ਮੈਂਬਰ ਵੀ ਰਹੇ। ਆਪ ਦਾ ਇੱਕ ਬੇਟਾ ਤੇ ਤਿੰਨ ਬੇਟੀਆਂ ਹਨ। ਹਥਲੀ ਕਹਾਣੀ ਮਨਮੋਹਣ ਸਿੰਘ ਦਾਊਂ ਦੁਆਰਾ ਸੰਪਾਦਿਤ ਪੁਸਤਕ,' ਨਵਤੇਜ ਪੁਆਧੀ ਦੀਆਂ ਕੁੱਲ ਕਹਾਣੀਆਂ' ਵਿੱਚੋਂ ਲਈ ਗਈ ਹੈ।



ਵੋਟ ਰਾਜ ਬਣਦਾ ਜਾ ਰਿਹਾ ਭਾਰਤੀ ਲੋਕਰਾਜ

ਡਾ.ਰਣਜੀਤ ਸਿੰਘ
ਲੁਧਿਆਣਾ

ਭਾਰਤ ਨੂੰ ਆਜ਼ਾਦ ਹੋਇਆਂ ਸੱਤ ਦਹਾਕੇ ਹੋ ਚੁੱਕੇ ਹਨ। ਇਸ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਰਾਜ ਵੀ ਆਖਿਆ ਜਾਂਦਾ ਹੈ। ਵੇਖਣਾ ਇਹ ਹੈ ਕਿ ਕੀ ਦੇਸ਼ ਦੇ ਸਾਰੇ ਨਾਗਰਿਕ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ? ਸਚਮੁੱਚ ਦੇਸ਼ ਵਿੱਚ ਲੋਕਾਂ ਦਾ ਰਾਜ ਹੈ? ਜੇਕਰ ਅਸਲੀਅਤ ਨੂੰ ਵੇਖਿਆ ਜਾਵੇ ਤਾਂ ਇਹ ਆਖਣਾ ਪਵੇਗਾ ਕਿ ਆਜ਼ਾਦੀ ਦਾ ਨਿੱਘ ਸਾਰੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੋਇਆ। ਦੇਸ਼ ਦੀ ਬਹੁਗਿਣਤੀ ਨੂੰ ਕੇਵਲ ਵੋਟਾਂ ਹੀ ਸਮਝਿਆ ਜਾਂਦਾ ਹੈ। ਉਨ੍ਹਾਂ ਦਾ ਖਿਆਲ ਕੇਵਲ ਚੋਣਾਂ ਵੇਲੇ ਹੀ ਆਉਂਦਾ ਹੈ। ਉਦੋਂ ਵੀ ਛੋਕੇ ਵਾਅਦੇ ਹੀ ਕੀਤੇ ਜਾਂਦੇ ਹਨ ਜਾਂ ਕੁਝ ਸੌਗਾਤਾਂ ਦੇ ਕੇ ਵੋਟ-ਪ੍ਰਾਪਤੀ ਦਾ ਯਤਨ ਕੀਤਾ ਜਾਂਦਾ ਹੈ। ਪਰ ਕਿਸੇ ਵੀ ਦੇਸ਼ ਜਾਂ ਕੌਮ ਦੇ ਵਿਕਾਸ ਦਾ ਆਧਾਰ ਮਨੁੱਖੀ ਵਸੀਲਿਆਂ ਨੂੰ ਵਿਕਸਿਤ ਕਰਨਾ ਹੈ। ਇਸ ਪਾਸਿਓਂ ਮੁੱਖ ਮੋੜਿਆ ਗਿਆ ਹੈ। ਸੜਕਾਂ ਭਾਵੇਂ ਘੱਟ ਚੌੜੀਆਂ ਹੋਣ ਤੇ ਸਾਫ਼ ਸੁਥਰੀਆਂ ਹੋਣ ਤਾਂ ਕੰਮ ਚਲ ਜਾਂਦਾ ਹੈ, ਪਰ ਜੇਕਰ ਮਨੁੱਖੀ ਵਸੀਲੇ ਵਿਕਸਿਤ ਨਾ ਹੋਣ, ਨਾਗਰਿਕ ਸੜਕ-ਸਲੀਕੇ ਤੋਂ ਵਿਹੂਣੇ ਹੋਣ ਤਾਂ ਚੌੜੀਆਂ ਸੜਕਾਂ ਹੋਣ ਦੇ ਬਾਵਜੂਦ ਹਾਦਸੇ ਵੱਧ ਜਾਂਦੇ ਹਨ।

ਦੇਸ਼ ਦੇ ਸੰਵਿਧਾਨ ਵਿੱਚ ਸਾਰੇ ਨਾਗਰਿਕਾਂ ਨੂੰ ਸਮਾਜਿਕ ਤੇ ਆਰਥਿਕ ਬਰਾਬਰੀ ਦਿੱਤੀ ਗਈ ਹੈ, ਪਰ ਦੇਸ਼ ਵਿੱਚ ਸਮਾਜਿਕ ਤੇ ਆਰਥਿਕ ਨਾਬਰਾਬਰੀ ਘਟਣ ਦੀ ਥਾਂ ਵੱਧ ਰਹੀ ਹੈ। ਬਹੁਤ ਸਾਰੀਆਂ ਸਹੂਲਤਾਂ ਦੇ ਬਾਵਜੂਦ ਦੇਸ਼ ਦੇ ਪੱਛੜੇ ਵਰਗ ਹਾਲੇ ਵੀ ਪੱਛੜੇ ਹੋਏ ਹਨ। ਇਹ ਸਹੂਲਤਾਂ ਸਿਰਫ਼ ਕੁਝ ਚੋਣਵੇਂ ਪਰਿਵਾਰਾਂ ਤੀਕ ਹੀ ਸੀਮਤ ਹੋ ਕੇ ਰਹਿ ਗਈਆਂ ਹਨ। ਦੇਸ਼ ਦੀ ਆਬਾਦੀ ਵਿੱਚ ਹੋ ਰਹੇ ਵਾਧੇ ਕਾਰਨ ਗ਼ਰੀਬਾਂ ਦੀ ਗਿਣਤੀ ਵਿੱਚ ਕਮੀ ਨਹੀਂ ਆਈ। ਦੂਜੇ ਪਾਸੇ ਅਮੀਰ ਹੋਰ ਅਮੀਰ ਹੋ ਗਏ ਹਨ। ਇੱਕ ਰਿਪੋਰਟ ਅਨੁਸਾਰ ਪਿਛਲੇ ਸਾਲਾਂ ਵਿੱਚ ਹੋਏ ਆਰਥਿਕ ਵਿਕਾਸ ਦਾ ਲਾਭ ਸਿਰਫ਼ ਉਤਲੇ ਪੰਜ ਕੁ ਫ਼ੀਸਦੀ ਪਰਿਵਾਰਾਂ ਨੂੰ ਪੁੱਜਿਆ ਹੈ। ਉਹ ਕਰੋੜਪਤੀਆਂ ਤੋਂ ਅਰਬਾਪਤੀ ਬਣ ਗਏ ਹਨ। ਉਨ੍ਹਾਂ ਨੇ ਆਪਣੀਆਂ ਸੁਖ-ਸਹੂਲਤਾਂ ਲਈ ਵੱਖਰਾ ਭਾਰਤ ਹੀ ਸਿਰਜ ਲਿਆ ਹੈ ਜਿਸ ਨੂੰ 'ਇੰਡੀਆ' ਆਖਿਆ ਜਾ ਸਕਦਾ ਹੈ। ਉਨ੍ਹਾਂ ਨਿੱਜੀ ਖੇਤਰ ਵਿੱਚ ਪੰਜ-ਤਾਰਾ ਹੋਟਲਾਂ ਵਰਗੇ ਹਸਪਤਾਲ ਉਸਾਰ ਲਏ ਹਨ। ਵਧੀਆ ਸਕੂਲ ਬਣ ਗਏ ਹਨ। ਉਨ੍ਹਾਂ ਲਈ ਲਗਜ਼ਰੀ ਕਾਰਾਂ, ਬੱਸਾਂ ਤੇ ਰੇਲਾਂ ਬਣ ਗਈਆਂ ਹਨ ਜਦੋਂਕਿ ਆਮ ਲੋਕਾਂ ਲਈ ਬਣੇ ਸਕੂਲ, ਹਸਪਤਾਲ ਤੇ ਹੋਰ ਸੇਵਾਵਾਂ ਭੈੜੀਆਂ ਹੋ ਰਹੀਆਂ ਹਨ। ਰੋਟੀ, ਕੱਪੜਾ, ਮਕਾਨ, ਵਿੱਦਿਆ ਤੇ ਸਿਹਤ-ਸਹੂਲਤਾਂ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ। ਦੇਸ਼ ਦੀ ਕੋਈ 40 ਫ਼ੀਸਦੀ ਵਸੋਂ ਅਜਿਹੀ ਹੈ ਜਿਨ੍ਹਾਂ ਨੂੰ ਇਹ ਸੁਹਲਤਾਂ ਪ੍ਰਾਪਤ ਨਹੀਂ ਹਨ। ਉਹ ਕੁਪੋਸ਼ਣ ਦਾ ਸ਼ਿਕਾਰ ਹਨ, ਕੱਪੜੇ ਤੋਂ ਆਤੁਰ ਹਨ, ਸੁਖ ਸਹੂਲਤਾਂ ਵਾਲੇ ਘਰ ਨਹੀਂ ਹਨ, ਵਿੱਦਿਆ-ਵਿਹੂਣੇ ਹਨ ਤੇ ਡਾਕਟਰੀ ਸਹੂਲਤਾਂ ਤੋਂ ਵਾਂਝੇ ਹਨ।

ਕੋਈ ਸਮਾਂ ਸੀ ਸਭਨਾਂ ਲਈ ਸਕੂਲ ਇੱਕੋ ਜਿਹੇ ਸਨ। ਗ਼ਰੀਬ ਘਰਾਂ ਦੇ ਬੱਚੇ ਵੀ ਪੜ੍ਹਾਈ ਕਰਕੇ ਚੰਗੀਆਂ ਨੌਕਰੀਆਂ ਕਰ ਲੈਂਦੇ ਸਨ, ਪਰ ਹੁਣ ਤੇਜ਼ੀ ਨਾਲ ਮੁੱਢਲੀ ਵਿੱਦਿਆ ਦਾ ਨਿੱਜੀਕਰਨ ਹੋ ਗਿਆ ਹੈ। ਅਸਲ ਵਿੱਚ ਵਿੱਦਿਆ ਵਪਾਰ ਬਣ ਗਈ ਹੈ। ਕਾਰੋਬਾਰੀਆਂ ਨੇ ਸੁਖ-ਸਹੂਲਤਾਂ ਵਾਲੇ ਸਕੂਲ ਉਸਾਰ ਲਏ ਹਨ ਤੇ ਰੱਜ ਕੇ ਕਮਾਈ ਕਰ ਰਹੇ ਹਨ। ਇਹ ਕਾਰੋਬਾਰ ਏਨਾ ਵੱਧ ਗਿਆ ਹੈ ਕਿ ਦੋ ਸਾਲ ਦੇ ਬੱਚੇ ਲਈ ਵੀ ਸਕੂਲ ਬਣ ਗਏ ਹਨ। ਸਰਕਾਰੀ ਸਕੂਲ ਸਿਰਫ਼ ਗ਼ਰੀਬਾਂ ਲਈ ਹੀ ਰਹਿ ਗਏ ਹਨ ਜਿੱਥੇ ਛੇ ਸਾਲ ਦਾ ਬੱਚਾ ਦਾਖ਼ਲ ਹੁੰਦਾ ਹੈ। ਸਕੂਲਾਂ ਵਿੱਚ ਬੇਰੁਖ਼ੀ ਕਾਰਨ ਇਨ੍ਹਾਂ ਵਿੱਚ ਮੁੱਢਲੀਆਂ ਸਹੂਲਤਾਂ ਵੀ ਨਹੀਂ ਹਨ। ਅਧਿਆਪਕ ਵੀ ਪੂਰੇ ਨਹੀਂ ਹਨ, ਜਿਹੜੇ ਹਨ ਉਨ੍ਹਾਂ ਵਿੱਚ ਬਹੁਤਿਆਂ ਨੂੰ ਮਿਹਨਤ ਕਰਨ ਦੀ ਆਦਤ ਨਹੀਂ ਹੈ। ਗ਼ਰੀਬਾਂ ਦਾ ਕਿਹੜਾ ਜੋਰ ਚਲਦਾ ਹੈ ਜੋ ਅਧਿਆਪਕ ਦੀ ਸ਼ਿਕਾਇਤ ਕਰ ਸਕਣ। ਦੋ ਸਾਲ ਦੀ ਉਮਰ ਤੋਂ ਪੜ੍ਹ ਰਹੇ ਬੱਚਿਆਂ ਦਾ ਇਹ ਕਿਵੇਂ ਮੁਕਾਬਲਾ ਕਰ ਸਕਦੇ ਹਨ? ਸਕੂਲਾਂ ਵਿੱਚ ਇਨ੍ਹਾਂ ਨੂੰ ਕੋਈ ਹੁਨਰ ਵੀ ਨਹੀਂ ਸਿਖਾਇਆ ਜਾਂਦਾ। ਇੰਜ ਇਹ ਨਿਰਾਸ਼ ਹੋ ਕੇ ਮਜ਼ਦੂਰੀ ਕਰਦੇ ਹਨ ਜਾਂ ਗ਼ਲਤ ਕੰਮ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਕਿਸੇ ਵੀ ਸਰਕਾਰ ਨੇ ਸਕੂਲੀ ਵਿੱਦਿਆ ਦੇ ਨਿੱਜੀਕਰਨ ਨੂੰ ਰੋਕਣ ਅਤੇ ਸਰਕਾਰੀ ਸਕੂਲਾਂ ਨੂੰ ਵਧੀਆ ਬਣਾਉਣ ਦਾ ਯਤਨ ਨਹੀਂ ਕੀਤਾ। ਇਹ ਹੋ ਸਕਦਾ ਹੈ ਕਿ ਆਗੂ ਅਜਿਹਾ ਚਾਹੁੰਦੇ ਹੀ ਨਾ ਹੋਣ। ਇਹ ਤਾਂ ਉਨ੍ਹਾਂ ਦੇ ਵੋਟ ਬੈਂਕ ਹਨ। ਜੇਕਰ ਇਹ ਪੜ੍ਹ-ਲਿਖ ਗਏ ਤਾਂ ਉਨ੍ਹਾਂ ਨੂੰ ਵੋਟਾਂ ਲੈਣੀਆਂ ਔਖੀਆਂ ਹੋ ਜਾਣ ।

ਸਿਆਸਤ ਵੀ ਕਾਰੋਬਾਰ ਬਣ ਗਈ ਹੈ। ਬਹੁਤ ਘੱਟ ਅਜਿਹੇ ਨੇਤਾ ਹਨ ਜਿਹੜੇ ਲੋਕ-ਸੇਵਾ ਲਈ ਸਿਆਸਤ ਵਿੱਚ ਆਏ ਹੋਣ। ਬਹੁਤੇ ਤਾਂ ਤਾਕਤ-ਪ੍ਰਾਪਤੀ ਲਈ ਆਉਂਦੇ ਹਨ। ਜਦੋਂ ਸਿਆਸੀ ਤਾਕਤ ਹੋਵੇ ਤਾਂ ਕੁਝ ਵੀ ਕੀਤਾ ਜਾ ਸਕਦਾ ਹੈ। ਰਾਤੋਂ ਰਾਤ ਅਮੀਰ ਬਣਿਆ ਜਾ ਸਕਦਾ ਹੈ। ਆਪਣੇ ਚਹੇਤਿਆਂ ਨੂੰ ਵਧੀਆ ਨੌਕਰੀਆਂ ਦਿੱਤੀਆਂ ਜਾ ਸਕਦੀਆਂ ਹਨ। ਸਰਕਾਰੀ ਕਰਮਚਾਰੀਆਂ ਨੂੰ ਗ਼ਲਤ ਕੰਮ ਕਰਨ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਇਸੇ ਕਰਕੇ ਵੋਟ-ਪ੍ਰਾਪਤੀ ਲਈ ਨੇਤਾ ਲੋਕ ਕੁਝ ਵੀ ਕਰ ਸਕਦੇ ਹਨ। ਦਿਲ ਖੋਲ੍ਹ ਕੇ ਪੈਸਾ ਖਰਚ ਕਰਦੇ ਹਨ। ਜਦੋਂ ਪੈਸਾ ਖਰਚ ਕੀਤਾ ਹੋਵੇ ਫਿਰ ਕਮਾਈ ਕਰਨੀ ਤਾਂ ਮੁੱਢਲਾ ਅਧਿਕਾਰ ਬਣ ਜਾਂਦਾ ਹੈ। ਇਸੇ ਕਰਕੇ ਦੇਸ਼ ਵਿੱਚੋਂ ਰਿਸ਼ਵਤਖੋਰੀ ਘਟਣ ਦੀ

ਥਾਂ ਇਸ ਵਿੱਚ ਵਾਧਾ ਹੋ ਰਿਹਾ ਹੈ। ਆਮ ਲੋਕਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੈ। ਲੀਡਰਾਂ ਦੇ ਘਰਾਂ ਵਿੱਚ ਰੋਜ਼ ਸਵੇਰੇ ਲੋਕਾਂ ਦਾ ਮੇਲਾ ਲੱਗਿਆ ਹੁੰਦਾ ਹੈ। ਉਹ ਸਿਫ਼ਾਰਸ਼ ਲਈ ਆਉਂਦੇ ਹਨ, ਲੀਡਰ ਵੀ ਫੋਨ ਖੜਕਾਈ ਜਾਂਦੇ ਹਨ। ਲੋਕਾਂ ਦੇ ਕੰਮ ਆਪਣੇ ਆਪ ਕਿਉਂ ਨਹੀਂ ਹੁੰਦੇ? ਸਿਫ਼ਾਰਸ਼ ਜਾਂ ਪੈਸੇ ਦੀ ਲੋੜ ਕਿਉਂ ਪੈਂਦੀ ਹੈ? ਡਾ.ਬੀ.ਆਰ. ਅੰਬੇਦਕਰ ਨੇ ਸੰਵਿਧਾਨ ਸਬੰਧੀ ਜਿਹੜਾ ਆਖਰੀ ਭਾਸ਼ਣ ਦਿੱਤਾ ਸੀ, ਉਸ ਵਿੱਚ ਉਨ੍ਹਾਂ ਆਖਿਆ ਸੀ ਕਿ ਜੇਕਰ ਸਹੀ ਅਰਥਾਂ ਵਿੱਚ ਲੋਕ-ਰਾਜ ਸਥਾਪਿਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਤਿੰਨ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ। ਪਹਿਲੀ ਗੱਲ ਉਨ੍ਹਾਂ ਆਖੀ ਸੀ ਕਿ ਆਜ਼ਾਦੀ ਦਾ ਨਿੱਘ ਸਾਰੇ ਦੇਸ਼ਵਾਸੀਆਂ ਨੂੰ ਮਿਲ ਸਕੇ, ਇਸ ਲਈ ਸਾਨੂੰ ਸਮਾਜਿਕ ਅਤੇ ਆਰਥਿਕ ਪਾੜੇ ਨੂੰ ਜਲਦੀ ਤੋਂ ਖ਼ਤਮ ਕਰਨਾ ਹੋਵੇਗਾ। ਲੋਕਾਂ ਨੂੰ ਇਸ ਦੀ ਪ੍ਰਾਪਤੀ ਲਈ ਸੰਵਿਧਾਨਕ ਢੰਗ ਤਰੀਕਿਆਂ ਦੀ ਹੀ ਵਰਤੋਂ ਕਰਨੀ ਪਵੇਗੀ। ਜੇਕਰ ਕਾਨੂੰਨ ਆਪਣੇ ਹੱਥ ਵਿੱਚ ਲੈ ਕੇ ਕੁਝ ਕੀਤਾ ਜਾਵੇਗਾ ਤਾਂ ਦੇਸ਼ ਵਿੱਚ ਅਰਾਜਕਤਾ ਫੈਲ ਜਾਵੇਗੀ। ਦੂਜਾ ਉਨ੍ਹਾਂ ਆਖਿਆ ਸੀ ਕਿ ਲੋਕਰਾਜ ਵਿੱਚ ਨੇਤਾਵਾਂ ਦਾ ਜਾਂ ਚੰਗੇ ਕੰਮ ਕਰਨ ਵਾਲਿਆਂ ਦਾ ਸਤਿਕਾਰ ਤਾਂ ਕੀਤਾ ਜਾ ਸਕਦਾ ਹੈ , ਪਰ ਉਨ੍ਹਾਂ ਦੀ ਪੂਜਾ ਨਹੀਂ ਕੀਤੀ ਜਾ ਸਕਦੀ ਫਿਰ ਤਾਂ ਅਸਿੱਧੇ ਤੌਰ ਉੱਤੇ ਸ਼ਖ਼ਸੀ ਰਾਜ ਹੀ ਹੋ ਜਾਵੇਗਾ। ਤੀਜਾ ਸੁਝਾਅ ਸੀ ਕਿ ਸਾਨੂੰ ਆਪਣੇ ਇਲਾਕੇ, ਜਾਤ ਜਾਂ ਧਰਮ ਤੋਂ ਉੱਚੇ ਉੱਠ ਕੇ ਆਪਣੇ ਆਪ ਨੂੰ ਭਾਰਤੀ ਸਮਝਣਾ ਚਾਹੀਦਾ ਹੈ। ਜਦੋਂ ਤਕ ਅਸੀਂ ਆਪਣੇ ਆਪ ਨੂੰ ਭਾਰਤੀ ਨਹੀਂ ਮੰਨਦੇ ਉਦੋਂ ਤਕ ਬਰਾਬਰੀ ਦਾ ਅਹਿਸਾਸ ਨਹੀਂ ਹੋਵੇਗਾ। ਇੱਕ ਰਿਪੋਰਟ ਅਨੁਸਾਰ ਦੇਸ਼ ਵਿੱਚ ਪਿੱਛਲੇ ਤਿੰਨ ਸਾਲਾਂ ਦੌਰਾਨ ਧਰਮ ਦੇ ਨਾਮ ਉੱਤੇ ਦੰਗਿਆਂ ਵਿੱਚ 41 ਫ਼ੀਸਦੀ ਵਾਧਾ ਹੋਇਆ ਹੈ।

ਅੰਬੇਦਕਰ ਜੀ ਨੇ ਇਹ ਵੀ ਆਖਿਆ ਸੀ ਹੁਣ ਤਕ ਅਸੀਂ ਸਾਰੀਆਂ ਊਣਤਾਈਆਂ ਦਾ ਦੋਸ਼ ਅੰਗਰੇਜ਼ ਦੇ ਸਿਰ ਮੜ੍ਹਦੇ ਰਹੇ ਹਾਂ, ਪਰ ਹੁਣ ਇਹ ਕਿਸੇ ਹੋਰ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਇਸ ਦੀ ਸਾਨੂੰ ਜਿੰਮੇਵਾਰੀ ਲੈ ਕੇ ਆਪਣੇ ਆਪ ਨੂੰ ਸੁਧਾਰਨਾ ਪਵੇਗਾ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਲੋਕਰਾਜ ਅਤੇ ਦੇਸ਼ ਨੂੰ ਪ੍ਰਪੱਕ ਕਰਨ ਦੀ ਥਾਂ ਇਸ ਨੂੰ ਕਮਜ਼ੋਰ ਹੀ ਕੀਤਾ ਹੈ। ਅਜੇ ਵੀ ਅਸੀਂ ਧਰਮ, ਜਾਤ ਜਾਂ ਇਲਾਕੇ ਦੇ ਨਾਮ ਉੱਤੇ ਰਾਜਨੀਤੀ ਕਰਦੇ ਹਾਂ ਅਤੇ ਦੇਸ਼ ਬਾਰੇ ਸੋਚਣ ਦੀ ਕਿਸੇ ਕੋਲ ਵਿਹਲ ਹੀ ਨਹੀਂ ਹੈ। ਆਜ਼ਾਦੀ ਦੇ ਮੁੱਢਲੇ ਸਾਲਾਂ ਵਿੱਚ ਆਗੂਆਂ ਅੰਦਰ ਸੇਵਾ ਦੀ ਲਗਨ ਸੀ। ਉਹ ਤੇ ਸਰਕਾਰੀ ਕਰਮਚਾਰੀ ਇਮਾਨਦਾਰੀ ਨਾਲ ਕੰਮ ਕਰਦੇ ਹਨ। ਸਮੇਂ ਦੇ ਬੀਤਣ ਨਾਲ ਇਹ ਪ੍ਰਪੱਕ ਹੋਣ ਦੀ ਥਾਂ ਖ਼ਤਮ ਹੋ ਰਿਹਾ। ਆਗੂ ਤਾਕਤ ਦੇ ਨਸ਼ੇ ਵਿੱਚ ਅਜਿਹੇ ਬਣ ਗਏ ਹਨ ਕਿ ਵਿਗੜੇ ਹੋਏ ਅੰਗਰੇਜ਼ ਅਫ਼ਸਰਾਂ ਵਾਂਗ ਵਿਚਰਦੇ ਹਨ। ਸਰਕਾਰੀ ਕਾਨੂੰਨ ਦੀ ਉਨ੍ਹਾਂ ਲਈ ਕੋਈ ਕਦਰ ਨਹੀਂ ਹੈ। ਗੁਆਂਢੀ ਦੇਸ਼ਾਂ ਨਾਲ ਵੀ ਸਬੰਧ ਸੁਖਾਵੇਂ ਨਹੀਂ ਹਨ। ਮਾਲੀ ਸਹਾਇਤਾ ਦਾ ਵੀ ਕੋਈ ਬਹੁਤਾ ਲਾਭ ਨਹੀਂ ਹੋਇਆ। ਇਸ ਕਰਕੇ ਲੋਕ-ਭਲਾਈ ਕਾਰਜਾਂ ਲਈ ਰਕਮ ਖਰਚ ਕਰਨ ਦੀ ਥਾਂ ਫੌਜੀ ਸਾਜ਼ੋ-ਸਾਮਾਨ ਉੱਤੇ ਵਧੇਰੇ ਖਰਚ ਹੋ ਰਿਹਾ। ਉੱਨਤ ਦੇਸ਼ ਤਾਂ ਚਾਹੁੰਦੇ ਹੀ ਇਹ ਹਨ ਕਿਉਂਕਿ ਉਨ੍ਹਾਂ ਆਪਣਾ ਫੌਜੀ ਸਾਜ਼ੋ-ਸਾਮਾਨ ਵੇਚਣਾ ਹੁੰਦਾ ਹੈ।

ਸੰਸਦ ਵਿੱਚ ਦੇਸ਼ ਅਤੇ ਲੋਕਾਂ ਦੀਆਂ ਸਮੱਸਿਆਵਾਂ ਉੱਤੇ ਗੰਭੀਰ ਚਰਚਾ ਦੀ ਥਾਂ ਸੰਸਦ ਮੈਂਬਰ ਹੰਗਾਮਾ ਕਰਦੇ ਹਨ ਤੇ ਸੰਸਦ ਤੋਂ ਬਾਹਰ ਆ ਜਾਂਦੇ ਹਨ। ਪਿੱਛੋਂ ਸਰਕਾਰੀ ਧਿਰ ਬਿਨ੍ਹਾਂ ਕਿਸੇ ਬਹਿਸ ਤੋਂ ਆਪਣੇ ਸਾਰੇ ਬਿੱਲ ਪਾਸ ਕਰ ਲੈਂਦੀ ਹੈ। ਇਹ ਲੋਕਰਾਜ ਨਹੀਂ ਸਗੋਂ ਜੰਗਲ-ਰਾਜ ਹੈ। ਦੇਸ਼ ਨੂੰ ਇਸ ਤੱਥ ਉੱਤੇ ਮਾਣ ਹੈ ਕਿ ਇੱਥੇ 18 ਸਾਲ ਦੀ ਉਮਰ ਤਕ ਬੱਚਿਆਂ ਦੀ ਗਿਣਤੀ 45 ਕਰੋੜ ਹੈ। ਇਹ ਸੰਸਾਰ ਦੇ ਦੂਜੇ ਦੇਸ਼ਾਂ ਦੇ ਮੁਕਾਬਲੇ ਸਭ ਤੋਂ ਵੱਧ ਯੁਵਾ ਸ਼ਕਤੀ ਹੈ। ਇਸੇ ਸ਼ਕਤੀ ਦੇ ਸਹਾਰੇ ਅਸੀਂ ਸੰਸਾਰ ਦੀ ਮਹਾਂਸ਼ਕਤੀ ਬਣਨ ਦੇ ਸੁਪਨੇ ਵੇਖ ਰਹੇ ਹਾਂ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਦੋਂ ਤਕ ਵਸੋਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਨਹੀਂ ਹੁੰਦਾ ਉਦੋਂ ਤਕ ਇਹ ਸ਼ਕਤੀ ਨਹੀਂ ਸਗੋਂ ਭਾਰ ਬਣ ਜਾਂਦੀ ਹੈ। ਇਸ ਗਿਣਤੀ ਵਿੱਚੋਂ ਚੌਥੇ ਹਿੱਸੇ ਨੇ ਕਦੇ ਸਕੂਲ ਦਾ ਮੂੰਹ ਵੀ ਨਹੀ ਵੇਖਿਆ। ਇਸੇ ਰਿਪੋਰਟ ਵਿੱਚ ਇਹ ਵੀ ਲਿਖਿਆ ਹੈ ਕਿ ਜਿਹੜੇ ਬੱਚੇ ਸਕੂਲ ਜਾਂਦੇ ਹਨ ਉਨ੍ਹਾਂ ਚੋਂ ਕੇਵਲ 32% ਬੱਚੇ ਹੀ ਸਕੂਲੀ ਵਿੱਦਿਆ ਪੂਰੀ ਕਰਦੇ ਹਨ। ਦੇਸ਼ ਵਿੱਚ ਪੰਜ ਸਾਲ ਤੋਂ ਘੱਟ ਉਮਰ ਵਾਲੇ 4,500 ਬੱਚਿਆਂ ਦੀ ਰੋਜ਼ ਮੌਤ ਹੁੰਦੀ ਹੈ, ਤੀਜਾ ਹਿੱਸਾ ਬੱਚੇ ਅਧੂਰੇ ਜੰਮਦੇ ਹਨ। ਬੱਚੇ ਕਪੋਸ਼ਣ ਦਾ ਸ਼ਿਕਾਰ ਹਨ। ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਦੀ ਮੁਹਿੰਮ ਤਾਂ ਸ਼ੁਰੂ ਕੀਤੀ ਗਈ ਹੈ, ਪਰ ਕੀ ਉਹ ਸਚਮੁੱਚ ਹੁਨਰਮੰਦ ਬਣ ਰਹੇ ਹਨ? ਜਦੋਂ ਤਕ ਪ੍ਰੋਗਰਾਮਾਂ ਨੂੰ ਨਵਾਂ ਰੂਪ ਦੇ ਕੇ ਸੱਚਮੁੱਚ ਹੁਨਰਮੰਦ ਨਹੀਂ ਬਣਾਇਆ ਜਾਂਦਾ, ਉਹ ਆਪਣੇ ਪੈਰਾਂ ਉੱਤੇ ਖੜ੍ਹੇ ਨਹੀਂ ਹੋ ਸਕਦੇ।

ਦੇਸ਼ ਦੀ ਘੱਟੋ ਘੱਟ ਅੱਧੀ ਆਬਾਦੀ ਨੇ ਖੇਤੀ ਉੱਤੇ ਹੀ ਨਿਰਭਰ ਰਹਿਣਾ ਹੈ। ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਮਿੱਸੀ ਖੇਤੀ ਜ਼ਰੂਰੀ ਹੈ, ਪਰ ਅਜਿਹਾ ਉਦੋਂ ਹੀ ਹੋ ਸਕਦਾ ਹੈ ਜਦੋਂ ਉਨ੍ਹਾਂ ਨੂੰ ਆਪਣੀ ਉਪਜ ਦਾ ਪੂਰਾ ਮੁੱਲ ਮਿਲ ਸਕੇ। ਹੁਣ ਉਨ੍ਹਾਂ ਦੀ ਉਪਜ ਮੰਡੀਆਂ ਵਿੱਚ ਰੁਲਦੀ ਹੈ। ਕੁਦਰਤੀ ਮਾਰ ਸਮੇਂ ਕਿਸਾਨਾਂ ਦੀ ਬਾਂਹ ਫੜੀ ਜਾਵੇ। ਇਹ ਕੰਮ ਨਿੱਜੀ ਬੀਮਾ ਕੰਪਨੀਆਂ ਦੀ ਥਾਂ ਸਰਕਾਰ ਨੂੰ ਕਰਨਾ ਚਾਹੀਦਾ ਹੈ। ਪਿੰਡਾਂ ਵਿੱਚ ਸਨਅਤ ਨੂੰ ਉਤਸ਼ਾਹਿਤ ਕੀਤਾ ਜਾਵੇ। ਵੱਡੇ ਕਾਰਖਾਨਿਆਂ ਦੀ ਥਾਂ ਪਿੰਡਾਂ ਵਿੱਚ ਕਾਰਖਾਨੇ ਲਗਾਏ ਜਾਣ ਤੇ ਇਨ੍ਹਾਂ ਵਿੱਚ ਪਿੰਡਵਾਸੀਆਂ ਨੂੰ ਹੀ ਕੰਮ 'ਤੇ ਰੱਖਿਆ ਜਾਵੇ। ਛੋਟਾ ਕਿਸਾਨ ਜਾਂ ਖੇਤ ਮਜ਼ਦੂਰ ਨਿਰਾ ਖੇਤੀ ਉੱਤੇ ਨਿਰਭਰ ਰਹਿਣ ਨਾਲ ਗ਼ਰੀਬੀ ਤੋਂ ਉੱਤੋਂ ਨਹੀਂ ਉੱਠ ਸਕੇਗਾ।

*ਲੇਖਕ ਅੰਤਰਰਾਸ਼ਟਰੀ ਪੱਧਰ ਦਾ ਖੇਤੀਬਾੜੀ ਵਿਗਿਆਨੀ ਅਤੇ ਪ੍ਰਸਿੱਧ ਲਿਖਾਰੀ ਹੈ।

ਮੰਗਲ ਗ੍ਰਹਿ 'ਤੇ ਵਸਣ ਲਈ ਬੁਕਿੰਗ ਸ਼ੁਰੂ ਹੈ

ਪ੍ਰਿਥਵੀ 'ਤੇ ਭੀੜ-ਭੜੱਕਾ ਬਹੁਤ ਵਧ ਗਿਆ ਹੈ। ਇੱਥੇ ਪ੍ਰਦੂਸ਼ਣ ਦੀ ਵੀ ਹੱਦ ਹੋ ਗਈ ਹੈ। ਜੇ ਇਸੇ ਤਰ੍ਹਾਂ ਮਨੁਖੀ ਆਬਾਦੀ ਵਧਦੀ ਗਈ ਤਾਂ ਸਾਰੀ ਧਰਤੀ ਇਮਾਰਤਾਂ ਨਾਲ ਹੀ ਭਰ ਜਾਵੇਗੀ ਅਤੇ ਖਾਣ-ਪੀਣ ਦੀਆਂ ਵਸਤਾਂ ਦੀ ਵੀ ਥੁੜ ਹੋਣ ਲੱਗੇਗੀ। ਇਸ ਲਈ ਹੁਣ ਤੋਂ ਹੀ ਕਿਸੇ ਹੋਰ ਗ੍ਰਹਿ 'ਤੇ ਜਾਣ ਦੀ ਤਿਆਰੀ ਕਰਨੀ ਚਾਹੀਦੀ ਹੈ। ਵਿਗਿਆਨੀਆਂ ਨੇ ਤੁਹਾਡੇ ਲਈ ਬਹੁਤ ਹੀ ਯੋਗ ਸਥਾਨ ਦੀ ਭਾਲ ਕਰ ਲਈ ਹੈ। ਇਹ ਹੈ, ਪ੍ਰਿਥਵੀ ਦਾ ਗੁਆਂਢੀ-ਮੰਗਲ ਗ੍ਰਹਿ ਜੋ ਆਕਾਰ ਵਿੱਚ ਸਾਡੀ ਧਰਤੀ ਤੋਂ ਕਰੀਬ ਅੱਧਾ ਹੈ।

ਮੰਗਲ 'ਤੇ ਜਾ ਕੇ ਉੱਥੇ ਘਰ ਵਸਾਉਣ ਵਿੱਚ ਦੋ ਮੁੱਖ ਸਮੱਸਿਆਵਾਂ ਹਨ। ਇੱਕ ਹੈ ਇਸ 'ਤੇ ਪਹੁੰਚਣ ਦੀ ਮੁਸ਼ਕਲ ਅਤੇ ਦੂਜੀ ਹੈ ਉੱਥੇ ਮਨੁੱਖ ਦੇ ਜੀਉਣ ਲਈ ਅਨੁਕੂਲ ਹਾਲਾਤ ਪੈਦਾ ਕਰਨ ਦੀ। ਇਨ੍ਹਾਂ ਦੋਵੇਂ ਸਮੱਸਿਆਵਾਂ ਨੂੰ ਹਲ ਕਰਨ 'ਤੇ ਖਰਚਾ ਵੀ ਬਹੁਤ ਆਏਗਾ। ਅਮਰੀਕਾ ਦੇ ਇੰਜਨੀਅਰ ਰਾਬਰਟ ਜ਼ੁਬਰਿਨ ਨੇ ਪੱਚੀ-ਤੀਹ ਸਾਲ ਤੋਂ ਮੰਗਲ ਪ੍ਰਾਜੈਕਟਾਂ ਲਈ ਪੈਸੇ ਦਾ ਪ੍ਰਬੰਧ ਕਰਨ ਅਤੇ ਖਰਚ ਘਟਾਉਣ ਲਈ ਮੁਹਿੰਮ ਚਲਾਈ ਹੋਈ ਹੈ। ਜ਼ੁਬਰਿਨ ਨੇ ਤਾਂ ਮੰਗਲ-ਪ੍ਰੇਮੀਆਂ ਨੂੰ ਇੱਕ ਪਾਸੇ ਦੀ ਟਿਕਟ ਦੀ ਪੇਸ਼ਕਸ਼ ਕੀਤੀ ਸੀ ਪਰ ਇਸ ਦਾ ਵਿਰੋਧ ਹੋਇਆ ਕਿ ਕੀ ਉਹ ਚਾਹੁੰਦਾ ਹੈ ਕਿ ਲੋਕ ਮੰਗਲ 'ਤੇ ਹੀ ਮਰ ਜਾਣ। ਜ਼ੁਬਰਿਨ ਦੀ ਮਾਰਜ਼ ਸੁਸਾਇਟੀ ਨੇ ਮੰਗਲ ਦੀ ਧਰਤੀ ਅਤੇ ਵਾਯੂਮੰਡਲ ਨਾਲ ਮੇਲ ਖਾਂਦਾ ਮਾਰਜ਼ ਡੈਜ਼ਰਟ ਰਿਸਰਚ ਸਟੇਸ਼ਨ ਉਟਾਹ ਵਿੱਚ ਬਣਾਇਆ ਹੈ। ਸੰਨ 2001 ਤੋਂ ਇਸ ਕੇਂਦਰ ਵਿੱਚ ਮੰਗਲ-ਪ੍ਰੇਮੀਆਂ ਵਿੱਚੋਂ ਚੁਣ ਕੇ ਸੱਤ-ਸੱਤ ਦੇ ਗਰੁੱਪਾਂ ਵਿੱਚ ਹਫਤਿਆਂ ਬੱਧੀ ਮੰਗਲ ਵਰਗੇ ਹਾਲਾਤਾਂ ਵਿੱਚ ਰੱਖਿਆ ਜਾ ਹੈ। ਇਹ ਪ੍ਰਯੋਗ 1000 ਮਨੁੱਖਾਂ 'ਤੇ ਹੋ ਚੁੱਕਿਆ ਹੈ। ਇਸ ਦੀ ਨਕਲ ਕਰਕੇ ਕਿਸੇ ਹੋਰ ਉੱਦਮੀ ਨੇ ਮਾਰਜ਼-1 ਪ੍ਰੋਗਰਾਮ ਵਿੱਚ ਟੈਸਟ ਲੈ ਕੇ ਮੰਗਲ ਦੀ ਵਨ-ਵੇਅ ਯਾਤਰਾ ਦੇ ਇਸ਼ਤਿਹਾਰ ਦੇ ਕੇ ਚੰਗੇ ਪੈਸੇ ਬਣਾਏ ਹਨ। ਉਟਾਹ ਡੈਜ਼ਰਟ ਵਰਗਾ ਇੱਕ ਹੋਰ ਪ੍ਰਾਜੈਕਟ ਬਾਇਓਸਫੀਅਰ-2 ਐਰਾਜ਼ੋਨਾ ਮਾਰੂਥਲ ਵਿੱਚ ਹੈ ਜਿਸ ਲਈ ਬਾਸ ਪਰਿਵਾਰ ਨੇ ਪੰਦਰਾਂ ਕਰੋੜ ਡਾਲਰ ਦਿੱਤੇ ਹਨ। ਇਸ ਵਿੱਚ ਅੱਠ ਬੰਦੇ ਅਤੇ ਬਨਸਪਤੀ/ਜੀਵਾਂ ਦੀਆਂ ਤਿੰਨ ਹਜ਼ਾਰ ਪ੍ਰਜਾਤੀਆਂ ਮੰਗਲ ਵਰਗੇ ਹਾਲਾਤਾਂ ਵਿੱਚ ਰੱਖਣ ਦਾ ਪ੍ਰਬੰਧ ਹੈ। ਹੁਣ ਇਹ ਪ੍ਰਾਜੈਕਟ ਐਰੀਜ਼ੋਨਾ ਯੂਨੀਵਰਸਿਟੀ ਨੂੰ ਦੇ ਦਿੱਤਾ ਗਿਆ ਹੈ।

ਪਿਛਲੇ ਸਾਲ ਨਾਸਾ(ਅਮਰੀਕਾ) ਨੇ ਮੰਗਲ 'ਤੇ ਜਾਣ ਦੀ ਆਪਣੀ ਯੋਜਨਾ ਦਾ ਖੁਲਾਸਾ ਕੀਤਾ ਹੈ। ਇਸ ਅਨੁਸਾਰ ਮੰਗਲ 'ਤੇ ਯਾਤਰੀ ਭੇਜੇ ਜਾਣ ਲਈ ਵਰਤੇ ਜਾਣ ਵਾਲੇ ਵਾਹਨ ਨੂੰ ਪਹਿਲਾਂ ਚੰਨ ਲਈ ਪਰਖ ਕੇ, 2030 ਵਿੱਚ ਮੰਗਲ 'ਤੇ ਭੇਜਿਆ ਜਾਵੇਗਾ। ਪਰ ਵਿਗਿਆਨੀ ਐਲਨ ਮਸਕ ਚਾਹੁੰਦਾ ਹੈ ਕਿ 2022 ਤੱਕ ਮੰਗਲ ਉੱਤੇ ਮਨੁੱਖ ਉਤਾਰ ਦਿੱਤੇ ਜਾਣ। ਨਾਸਾ ਵਲੋਂ ਮੰਗਲ ਯਾਤਰਾ ਲਈ ਅਰਜ਼ੀਆਂ ਮੰਗ ਕੇ ਕਈ ਤਰ੍ਹਾਂ ਦੇ ਟੈਸਟਾਂ ਤੇ ਇੰਟਰਵਿਉ ਪਿੱਛੋਂ ਹੀ ਯਾਤਰੀ ਰਵਾਨਾ ਕੀਤੇ ਜਾਣਗੇ। ਪਹਿਲਾਂ ਇਹ ਯਾਤਰੀ ਇੱਕ ਪੁਲਾੜੀ ਵਾਹਨ ਵਿੱਚ ਬਹਿ ਕੇ ਤਿੰਨ-ਚਾਰ ਸੌ ਦਿਨ ਚੰਨ ਦੁਆਲੇ ਘੁੰਮਣਗੇ ਅਤੇ ਫਿਰ ਦੂਜੇ ਵਹੀਕਲ ਵਿੱਚ ਸਵਾਰ ਹੋ ਕੇ ਮੰਗਲ ਵੱਲ ਚੱਲਣਗੇ। ਇਹ ਯਾਤਰਾ ਨੌਂ ਮਹੀਨਿਆਂ ਦੀ ਹੋਵੇਗੀ। ਅਮਰੀਕਾ, ਯੂਰਪ, ਚੀਨ ਤੇ ਰੂਸ ਸਾਰੇ ਹੀ 2040-50 ਤੱਕ ਮੰਗਲ ਉੱਤੇ ਮਨੁੱਖ-ਮਿਸ਼ਨ ਭੇਜਣ ਲਈ ਉਤਸੁਕ ਹਨ।

ਮੰਗਲ 'ਤੇ ਜਾਣ ਤੋਂ ਬਾਅਦ ਉੱਥੇ ਜਾ ਕੇ ਵਸਣ ਵਿੱਚ ਹੋਰ ਵੀ ਗੰਭੀਰ ਔਕੜਾਂ ਹਨ। ਮੰਗਲ 'ਤੇ ਗੁਰੂਤਾ-ਖਿੱਚ ਧਰਤੀ ਦਾ 40% ਹੈ। ਇਸ ਲਈ ਮਸਲ/ਬੋਨ ਲਾਸ ਤੋਂ ਬਚਣ ਲਈ ਰੋਜ਼ ਜ਼ੋਰ-ਸ਼ੋਰ ਨਾਲ ਕਸਰਤ ਕਰਨੀ ਪਏਗੀ। ਮੰਗਲ 'ਤੇ ਠੰਢ ਬਹੁਤ ਹੈ। ਹਰ ਸਮੇਂ ਬਰਫ ਜੰਮਣ ਵਾਲੇ ਹਾਲਾਤ। ਰਾਤ ਨੂੰ ਤਾਪਮਾਨ ਮਨਫੀ 127 ਡਿਗਰੀ ਹੋ ਜਾਂਦਾ ਹੈ। ਮੰਗਲ 'ਤੇ ਹਵਾ ਦਾ ਦਬਾਅ ਧਰਤੀ ਦੇ ਵਾਯੂਮੰਡਲ ਦਾ ਮਸਾਂ ਇੱਕ ਫੀਸਦ ਹੈ। ਉੱਥੇ ਵਸਣ ਲਈ ਬੂਟੇ ਲਾ ਕੇ ਹਰਿਆਲੀ ਪੈਦਾ ਕਰਨੀ ਪਵੇਗੀ। ਮੰਗਲ ਦਾ ਚੁੰਬਕੀ ਖੇਤਰ ਮਾਮੂਲੀ ਹੈ। ਇਸ ਦੇ ਵਾਯੂਮੰਡਲ ਨੂੰ ਸੋਲਰ ਪੌਣ ਉਡਾ ਕੇ ਲੈ ਗਈ ਹੈ। ਪਤਲੇ ਦਬਾਅ ਵਾਲੇ ਵਾਯੂਮੰਡਲ ਵਿੱਚ ਮੰਗਲ ਦੇ ਸਾਗਰ ਵੀ ਉੱਬਲ ਕੇ ਉਡ ਗਏ। ਸਮੁੰਦਰੀ ਪਾਣੀਆਂ ਵਿੱਚ ਘੁਲੀ ਕਾਰਬਨਡਾਇਆਕਸਾਈਡ ਸਾਗਰ ਹੇਠ ਕਾਰਬਨ ਯੌਗਿਕਾਂ ਦੇ ਰੂਪ ਵਿੱਚ ਬਹਿ ਗਈ। ਇਸ ਲਈ ਮੰਗਲ 'ਤੇ ਮਨੁੱਖ ਦੇ ਵਸੇਬੇ ਲਈ ਕਿਸੇ ਮਸਨੂਈ ਢੰਗ ਨਾਲ ਚੁੰਬਕੀ-ਖੇਤਰ ਸਥਾਪਤ ਕਰਨਾ ਪਵੇਗਾ। ਧਰੁਵੀ ਬਰਫਾਂ ਨੂੰ ਸੋਲਰ ਪੈਨਲਾਂ ਦੀ ਗਰਮੀ ਨਾਲ ਪਿਘਲਾਇਆ ਜਾਵੇਗਾ, ਪਾਣੀ ਨੂੰ ਤੋੜ ਕੇ ਆਕਸੀਜਨ ਅਤੇ ਹਾਈਡਰੋਜਨ ਪ੍ਰਾਪਤ ਕੀਤੀ ਜਾਵੇਗੀ। ਇਨ੍ਹਾਂ ਸਾਰੇ ਕੰਮਾਂ ਲਈ ਵਿਗਿਆਨੀਆਂ ਨੇ ਯੋਜਨਾਵਾਂ ਤਿਆਰ ਕਰ ਲਈਆਂ ਹਨ ਅਤੇ ਕੁੱਝ ਲਈ ਪ੍ਰਯੋਗ ਕੀਤੇ ਜਾ ਰਹੇ ਹਨ।

ਜ਼ੁਬਲਿਨ ਅਨੁਸਾਰ ਪਹਿਲਾ ਕਦਮ ਵੀਹ ਤੋਂ ਪੰਜਾਹ ਮੰਗਲ ਯਾਤਰੀਆਂ ਦਾ ਇਸ ਗ੍ਰਹਿ 'ਤੇ ਉਤਾਰਾ ਕੀਤਾ ਜਾਵੇਗਾ। ਇਨ੍ਹਾਂ ਵਿੱਚੋਂ ਕੁੱਝ ਪੱਕੇ ਤੌਰ ਤੇ ਉੱਥੇ ਰੱਖੇ ਜਾਣਗੇ ਤੇ ਕੁੱਝ ਕੁ ਨੂੰ ਕੁੱਝ ਮਹੀਨੇ ਹੀ ਰੱਖਿਆ ਜਾਵੇਗਾ। ਸ਼ੁਰੂ ਵਿੱਚ ਇਨ੍ਹਾਂ ਲਈ ਸਭ ਕੁੱਝ ਧਰਤੀ ਤੋਂ ਹੀ ਸਪਲਾਈ ਹੋਵੇਗਾ। ਦੂਜੇ ਪੜਾਅ 'ਤੇ ਮੰਗਲ ਦੀ ਵਸੋਂ ਕੁੱਝ ਹਜ਼ਾਰ ਹੋਵੇਗੀ। ਉਦੋਂ ਇਹ ਲੋਕ ਆਪਣੇ ਜਿਉਣ ਲਈ ਵੱਧ ਤੋਂ ਵੱਧ ਕੱਚਾ ਮਾਲ ਮੰਗਲ ਤੋਂ ਹੀ ਹਾਸਲ ਕਰਨ ਦੇ ਯਤਨ ਕਰਨਗੇ। ਇੰਜ ਵਸਾਇਆ ਗਿਆ ਮੰਗਲ ਸੌ ਕੁ ਸਾਲ ਤਾਂ ਕਿਤੇ ਨਹੀਂ ਮਰਦਾ। ਚੰਗਾ ਤਾਂ ਇਹੋ ਹੋਏਗਾ ਕਿ ਅਸੀਂ ਵਿਗਿਆਨੀਆਂ ਦੀ ਕਾਮਯਾਬੀ ਦਾ ਭਰੋਸਾ ਕਰਦਿਆਂ ਹੁਣੇ ਹੀ ਮੰਗਲ 'ਤੇ ਆਪਣੀ ਥਾਂ ਰਿਜ਼ਰਵ ਕਰਵਾ ਲਈਏ।

ਜੋ ਇਤਿਹਾਸ ਸਿਰਜ ਗਏ

ਅਣਗਿਣਤ ਮਨੁੱਖ ਇਸ ਦੁਨੀਆਂ ਤੋਂ ਵਿਦਾ ਹੁੰਦੇ ਹਨ। ਇਨ੍ਹਾਂ ਵਿੱਚੋਂ ਕੁੱਝ ਅਜਿਹੀਆਂ ਅਮਿਟ ਪੈੜਾਂ ਛੱਡ ਜਾਂਦੇ ਹਨ ਜੋ ਲੰਮੇ ਸਮੇਂ ਤੱਕ ਮਨੁੱਖਤਾ ਦੀ ਅਗਵਾਈ ਕਰਦੀਆਂ ਰਹਿੰਦੀਆਂ ਹਨ। ਪਿਛਲੇ ਮਹੀਨਿਆਂ ਵਿੱਚ ਭਾਰਤ ਦੀਆਂ ਅਜਿਹੀਆਂ ਹੀ ਤਿੰਨ ਮਹਾਨ ਹਸਤੀਆਂ ਅਕਾਲਚਲਾਣਾ ਕਰ ਗਈਆਂ ਹਨ–

ਅਟਲ ਬਿਹਾਰੀ ਵਾਜਪਾਈ– ਸਾਬਕਾ ਪ੍ਰਧਾਨ ਮੰਤਰੀ 93 ਸਾਲ ਦੀ ਉਮਰ ਭੋਗ ਕੇ 16 ਅਗਸਤ 2018 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੇ ਚਲਾਣੇ ਨਾਲ ਭਾਰਤੀ ਰਾਜਨੀਤੀ ਵਿੱਚ ਇੱਕ ਨਾਪੂਰਨਯੋਗ ਖਲਾਅ ਪੈਦਾ ਹੋ ਗਿਆ ਹੈ। ਵਾਜਪਾਈ ਸਾਹਿਬ ਇੱਕੋ ਸਮੇਂ ਮਹਾਨ ਕਵੀ, ਸੁਹਿਰਦ ਰਾਜਨੀਤੀਵਾਨ ਅਤੇ ਸੱਚੇ ਰਾਸ਼ਟਰਵਾਦੀ ਸਨ।ਆਪ ਛੋਟੀ ਉਮਰ ਵਿੱਚ ਹੀ ਸੰਸਦ ਮੈਂਬਰ ਬਣ ਗਏ ਅਤੇ ਫਿਰ ਆਪਣੀ ਕਾਰਜਕੁਸ਼ਲਤਾ ਨਾਲ ਕੈਬਨਿਟ ਮੰਤਰੀ ਬਣੇ। ਆਪ ਭਾਵੇਂ ਆਰ.ਐਸ.ਐਸ. ਦੀ ਵਿਚਾਰਧਾਰਾ ਰਖਦੇ ਸਨ ਪਰੰਤੂ ਇਸ ਨੂੰ ਕਦੇ ਆਪਣੀਆਂ ਧਰਮਨਿਰਪੇਖ ਜ਼ਿਮੇਵਾਰੀਆਂ 'ਤੇ ਭਾਰੂ ਨਹੀਂ ਹੋਣ ਦਿੱਤਾ। ਇਹ ਹੀ ਕਾਰਨ ਸੀ ਕਿ ਉਹ ਜਨ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਸਿਰਕੱਢ ਆਗੂ ਹੁੰਦੇ ਹੋਏ ਵੀ ਸਾਰੇ ਭਾਰਤੀਆਂ ਵਿੱਚ ਹਰਮਨ ਪਿਆਰੇ ਸਨ। ਸ਼੍ਰੀ ਵਾਜਪਾਈ ਨੂੰ ਦੇਸ਼ ਦੀ ਹਕੂਮਤੀ ਵਾਗਡੋਰ 1998 ਵਿੱਚ ਪ੍ਰਾਪਤ ਹੋਈ। ਆਪ ਸਿਹਤ ਦੀ ਖਰਾਬੀ ਕਾਰਨ 2004-05 ਵਿੱਚ ਜਨਤਕ ਜੀਵਨ ਤੋਂ ਪਾਸੇ ਹੋ ਗਏ। ਆਪ ਬਾਕਮਾਲ ਵਕਤਾ ਅਤੇ ਨਿਡਰ ਸਖਸ਼ੀਅਤ ਦੇ ਮਾਲਕ ਸਨ। ਪੰਜਾਹ ਵਰ੍ਹਿਆਂ ਦੇ ਰਾਜਸੀ ਜੀਵਨ ਦੌਰਾਨ ਉਨ੍ਹਾਂ 'ਤੇ ਭ੍ਰਿਸ਼ਟਾਚਾਰ, ਕੁਨਬਾਪ੍ਰਸਤੀ ਜਾਂ ਮੌਕਾਪ੍ਰਸਤੀ ਦੇ ਕੋਈ ਦੋਸ਼ ਨਹੀਂ ਲੱਗੇ। ਉਹ ਹੁਣ ਭਾਵੇਂ ਇਸ ਜਹਾਨ ਵਿੱਚ ਨਹੀਂ ਰਹੇ ਪਰ ਭਾਰਤੀ ਜਨਜੀਵਨ 'ਤੇ ਛੱਡੀ ਛਾਪ ਸਦੀਵੀ ਬਣੀ ਰਹੇਗੀ।

ਸੋਮ ਨਾਥ ਚੈਟਰ ਜੀ– ਬਜ਼ੁਰਗ ਕਮਿਊਨਿਸਟ ਆਗੂ ਤੇ ਲੋਕ ਸਭਾ ਦੇ ਸਾਬਕਾ ਸਪੀਕਰ 13 ਅਗਸਤ,2018 ਨੂੰ ਇਸ ਸੰਸਾਰ ਤੋਂ ਵਿਦਾ ਹੋ ਗਏ ਹਨ। ਆਸਾਮ ਦੇ ਤੇਜ਼ਪੁਰ ਕਸਬੇ ਵਿੱਖੇ 1929 ਵਿੱਚ ਜਨਮੇ ਸ਼੍ਰੀ ਮੁਖਰਜੀ ਦੇ ਪਿਤਾ ਨਾਮਵਰ ਬੈਰਿਸਟਰ ਸਨ। ਆਪ ਨੇ ਪਹਿਲਾਂ ਕਲਕੱਤਾ ਅਤੇ ਫਿਰ ਕੈਂਬਰਿਜ ਵਿੱਚ ਵਕਾਲਤ ਦੀ ਪੜ੍ਹਾਈ ਕੀਤੀ। ਆਪ ਸੁਪਰੀਮ ਕੋਰਟ ਦੇ ਸਿਰਕੱਢ ਵਕੀਲਾਂ ਵਿੱਚ ਸ਼ਾਮਲ ਸਨ। ਆਪ ਦਸ ਵਾਰ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਪਾਰਟੀ ਦੀ ਟਿਕਟ ਤੇ ਲੋਕ ਸਭਾ ਮੈਂਬਰ ਬਣੇ। ਆਪ ਸੁਲਝੇ ਤੇ ਹੰਢੇ ਹੋਏ ਪਾਰਲੀਮੈਂਟੇਰੀਅਨ ਸਨ ਜਿਸ ਕਾਰਨ ਰਾਜਸੀ ਹਲਕਿਆਂ ਵਿੱਚ 'ਦਾਦਾ' ਵਜੋਂ ਜਾਣੇ ਜਾਂਦੇ ਸਨ। ਆਪ ਜੂਨ 2004 ਵਿੱਚ ਲੋਕ ਸਭਾ ਦੇ ਸਪੀਕਰ ਚੁਣੇ ਜਾਣ ਤੱਕ ਕੱਟੜ ਤੇ ਸਿਧਾਂਤਵਾਦੀ ਕਮਿਊਨਿਸਟ ਸਨ ਪਰ ਇਹ ਜ਼ਿੰਮੇਵਾਰੀ ਵਾਲਾ ਸੰਵਿਧਾਨਿਕ ਅਹੁਦਾ ਸੰਭਾਲਦਿਆਂ ਹੀ ਇਸ ਦੀ ਮਰਯਾਦਾ ਨੂੰ ਕਾਇਮ ਰਖਦਿਆਂ ਪਾਰਟੀਰਹਿਤ ਸਖਸ਼ੀਅਤ ਵਜੋਂ ਵਿਚਰਨ ਲੱਗੇ। ਸ਼੍ਰੀ ਚੈਰਟਜੀ ਬੌਧਿਕ, ਅਕਾਦਮਿਕ, ਰਾਜਨੀਤਿਕ ਤੇ ਸਮਾਜਿਕ ਪੱਖੋਂ ਪੱਕੇ ਸਿਧਾਂਤਵਾਦੀ ਸਨ। ਆਪ ਉਨ੍ਹਾਂ ਹਸਤੀਆਂ ਵਿੱਚੋਂ ਸਨ ਜਿਨ੍ਹਾਂ ਦੀ ਸ਼ਾਨ ਖਿਲਾਫ ਬੋਲਣ ਲਈ ਉਨ੍ਹਾਂ ਦੇ ਵਿਰੋਧੀਆਂ ਕੋਲ ਕੁੱਝ ਨਹੀਂ ਸੀ। ਦਾਦਾ ਸੋਮਨਾਥ ਸਹੀ ਮਾਅਨਿਆਂ ਵਿੱਚ ਅਜ਼ੀਮ ਹਸਤੀ ਸਨ।

ਕੁਲਦੀਪ ਨਈਅਰ– ਭਾਰਤੀ ਪੱਤਰਕਾਰੀ ਦਾ ਸ਼ਾਹ ਸਵਾਰ 22 ਅਗਸਤ 2018 ਨੂੰ 95 ਸਾਲ ਦੀ ਉਮਰ ਭੋਗ ਕੇ ਇਸ ਦੁਨੀਆਂ ਤੋਂ ਰੁਖਸਤ ਹੋ ਗਿਆ। ਕੁਲਦੀਪ ਸਿੰਘ (ਨਈਅਰ) ਦਾ ਜਨਮ 14 ਅਗਸਤ 1923 ਨੂੰ ਡਾ.ਗੁਰਬਖਸ਼ ਸਿੰਘ ਦੇ ਘਰ ਸਿਆਲਕੋਟ ਵਿਖੇ ਹੋਇਆ। ਆਪ ਨੇ ਵਕਾਲਤ ਦੀ ਡਿਗਰੀ ਲਾਅ ਕਾਲਜ ਲਾਹੌਰ ਤੋਂ ਕਰ ਕੇ ਸਿਆਲਕੋਟ ਵਿੱਚ ਪ੍ਰੈਕਟਿਸ ਕਰਨੀ ਸ਼ੁਰੂ ਕੀਤੀ ਹੀ ਸੀ ਕਿ ਦੇਸ਼ ਦੀ ਵੰਡ ਕਾਰਨ ਉੱਜੜ ਕੇ ਦਿੱਲੀ ਆਉਣਾ ਪਿਆ। ਇੱਥੇ ਉਨ੍ਹਾਂ ਦਾ ਸਬੰਧ ਪੱਤਰਕਾਰੀ ਨਾਲ ਜੁੜ ਗਿਆ ਅਤੇ ਯੂਨਾਈਟਡ ਸਟੇਟਸ ਇਨਫਰਮੇਸ਼ਨ ਸਰਵਿਸ ਵਿੱਚ ਨੌਕਰੀ ਲੈ ਲਈ। ਇਸ ਦੌਰਾਨ ਆਪ ਨੇ ਯੂ.ਐਸ.ਏ.ਦੀ ਯੂਨੀਵਰਸਿਟੀ ਤੋਂ ਪੱਤਰਕਾਰੀ ਦੀ ਡਿਗਰੀ ਹਾਸਿਲ ਕੀਤੀ। ਫਿਰ ਆਪ ਭਾਰਤ ਸਰਕਾਰ ਦੇ ਪ੍ਰੈਸ ਇਨਫਰਮੇਸ਼ਨ ਬਿਓਰੋ ਦੀ ਨੌਕਰੀ ਲੈ ਕੇ ਜਲੰਧਰ ਆ ਗਏ ਜਿੱਥੇ ਉਨ੍ਹਾਂ ਦਾ ਪਰਿਵਾਰ ਵਸਿਆ ਹੋਇਆ ਸੀ। ਯੋਜਨਾ ਕਮਿਸ਼ਨ ਵਿੱਚ ਸੂਚਨਾ ਅਫਸਰ ਅਤੇ ਫਿਰ ਸਟੇਟਸਮੈਨ ਅਖਬਾਰ ਦੇ ਐਡੀਟਰ ਵਜੋਂ ਕੰਮ ਕਰਦਿਆਂ ਆਪ ਦਾ ਸਬੰਧ ਦੇਸ਼ ਦੇ ਪ੍ਰਮੁੱਖ ਨੇਤਾਵਾਂ ਨਾਲ ਜੁੜ ਗਿਆ। ਦੇਸ਼ ਵਿੱਚ ਲੱਗੀ ਐਮਰਜੈਂਸੀ ਅਤੇ ਫਿਰ ਪੰਜਾਬ ਦੇ ਹਾਲਾਤਾਂ ਨੇ ਆਪ ਨੂੰ ਰਾਜਨੀਤੀ ਵੱਲ ਧੱਕ ਦਿੱਤਾ। ਵੀ.ਪੀ. ਸਿੰਘ ਦੀ ਸਰਕਾਰ ਸਮੇਂ ਆਪ ਲੰਡਨ ਵਿਖੇ ਭਾਰਤੀ ਹਾਈ ਕਮਿਸ਼ਨਰ ਬਣੇ ਅਤੇ 1997 ਵਿੱਚ ਰਾਜ ਸਭਾ ਦੇ ਮੈਂਬਰ ਬਣ ਗਏ। ਕੁਲਦੀਪ ਨਈਅਰ ਦੀਆਂ ਲਿਖਤਾਂ 14 ਜ਼ੁਬਾਨਾਂ ਦੀਆਂ 80 ਅਖਬਾਰਾਂ ਵਿੱਚ ਛਪਦੀਆਂ ਸਨ। ਆਪ ਸਵੱਛ, ਨਿਡਰ, ਊਸਾਰੂ, ਨਿਰਪੱਖ, ਰੌਚਿਕ ਤੇ ਗੁੱਝੇ ਭੇਦ ਜ਼ਾਹਿਰ ਕਰਨ ਵਾਲੀ ਪੱਤਰਕਾਰੀ ਦੇ ਮਾਹਰ ਸਨ। ਸਭ ਤੋਂ ਵੱਧ ਕੇ ਉਹ ਸੱਚੇ ਤੇ ਸੁਹਿਰਦ ਪੰਜਾਬੀ ਸਨ।

* * * * *

ਮੈਗਜ਼ੀਨ ਸੈਣੀ ਸੰਸਾਰ ਦੇ ਪਾਠਕ ਬਣੋ।
ਚੰਦਾ – 100 ਰੁ: ਸਾਲਾਨਾ
500 ਰੁ: ਪੰਜ–ਸਾਲਾ

ਧੀ ਕਿਵੇਂ ਬਣੇ ਚੰਗੀ ਨੂੰਹ

ਡਾ. ਜਗਦੀਸ਼ ਕੌਰ ਵਾਡੀਆ

ਵਿਆਹੁਤਾ ਲੜਕੀਆਂ ਵਲੋਂ ਆਪਣੇ ਸਹੁਰਾ ਪਰਿਵਾਰ ਵਿਰੁੱਧ ਦਾਜ ਮੰਗਣ ਅਤੇ ਕੁੱਟ-ਮਾਰ ਕਰਨ ਦੀਆਂ ਸ਼ਿਕਾਇਤਾਂ ਦੀ ਪਹਿਲੇ ਪੜਾਅ 'ਤੇ ਛਾਣ-ਬੀਣ ਕਰਨ ਲਈ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਅਨੁਸਾਰ ਗਠਿਤ ਜ਼ਿਲ੍ਹਾ ਪਰਵਾਰ ਭਲਾਈ ਕਮੇਟੀ ਦਾ ਮੈਂਬਰ ਹੋਣ ਸਦਕਾ ਸੰਪਾਦਕ ਦਾ ਪਰਿਵਾਰਕ ਝਗੜਿਆਂ ਨਾਲ ਸਿੱਧਾ ਵਾਸਤਾ ਪੈਂਦਾ ਹੈ। ਜਦੋਂ ਵੀ ਕੋਈ ਚੰਗੀ ਭਲੀ ਲੜਕੀ ਆਪਣੀ ਦੁੱਖ-ਭਰੀ ਦਾਸਤਾਂ ਸੁਣਾਉਂਦੀ ਹੈ ਤਾਂ ਇਸ ਦੇ ਕਿੰਨੇ ਹੀ ਕਾਰਨ ਸਾਹਮਣੇ ਆਉਂਦੇ ਹਨ। ਇਸ ਵਿੱਚ ਜਿੱਥੇ ਲੜਕੇ ਦੀਆਂ ਭੈੜੀਆਂ ਆਦਤਾਂ, ਉਸ ਦਾ ਕਰੂਰ ਵਿਹਾਰ ਅਤੇ ਨਿਕੰਮਪੁਣਾ ਜ਼ਿੰਮੇਵਾਰ ਹਨ, ਉੱਥੇ ਲੜਕੀ ਦੀ ਨਾਅਹਿਲੀਅਤ, ਭੈੜੀ ਬੋਲ-ਚਾਲ ਅਤੇ ਸੱਸ-ਸਹੁਰੇ ਨਾਲ ਦੁਰਵਿਵਹਾਰ ਵੀ ਮੁੱਖ ਕਾਰਨ ਹੁੰਦੇ ਹਨ। ਇਸ ਲਈ ਪਰਿਵਾਰ ਵਸਾਉਣ ਲਈ ਜਿੱਥੇ ਲੜਕਿਆਂ ਨੂੰ ਕਮਾਊ ਤੇ ਸਿਆਣਾ ਬਣਨ ਦੀ ਲੋੜ ਹੈ ਉੱਥੇ ਲੜਕੀਆਂ ਲਈ ਵੀ ਸੁੱਘੜ-ਸਿਆਣੀਆਂ ਹੋਣਾ ਅਤਿ ਜ਼ਰੂਰੀ ਹੈ। ਪਰਿਵਾਰਕ ਝਗੜੇ ਸਾਡੇ ਸਮਾਜ ਲਈ ਗੰਭੀਰ ਸਮੱਸਿਆ ਬਣ ਰਹੀ ਹੈ। ਇਨ੍ਹਾਂ ਟੁੱਟ ਰਹੇ ਰਿਸ਼ਤਿਆਂ ਨੂੰ ਜੋੜਨ ਵਿੱਚ ਮਾਂ-ਬਾਪ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਇਹ ਲੇਖ ਲੜਕੀਆਂ ਦੇ ਮਾਂ-ਬਾਪ ਲਈ ਬਹੁਤ ਉਪਯੋਗੀ ਤੇ ਸਿਖਿਆਦਾਇਕ ਹੈ।-ਸੰਪਾਦਕ)

ਆਮ ਤੌਰ ਤੇ ਘਰ ਵਿੱਚ ਨਾਨੀਆਂ-ਦਾਦੀਆਂ ਨੂੰ ਦੋਹਤੀਆਂ-ਪੋਤੀਆਂ ਨੂੰ ਮੱਤ ਦਿੰਦੇ ਸੁਣਿਆ ਹੈ 'ਧੀਓ! ਕੋਈ ਕੰਮ-ਕਾਰ ਸਿੱਖ ਲਓ, ਅਗਲੇ ਘਰ ਜਾਣਾ ਹੈ, ਸੁੱਖੀ ਰਹੋਗੀਆਂ'। ਕੋਲ ਬੈਠੀਆਂ ਮਾਵਾਂ ਦਾ ਜੁਆਬ ਹੁੰਦਾ, 'ਕੋਈ ਨਾ ਸਿੱਖ ਲਊਗੀ ਕੰਮ ,ਨਿਆਣੀ ਏ, ਸਾਰੀ ਉਮਰ ਕੰਮ ਹੀ ਕਰਨਾ ਏ।' ਦੂਸਰੇ ਪਾਸੇ ਜੇ ਉਸੇ ਉਮਰ ਦੀ ਕੁੜੀ ਘਰ ਨੂੰਹ ਬਣ ਕੇ ਆ ਜਾਏ ਅਤੇ ਸ਼ੁਰੂ ਵਿੱਚ ਭੁੱਲ-ਭੁਲੇਖੇ ਕੋਈ ਗ਼ਲਤੀ ਹੋ ਜਾਏ ਜਾਂ ਕੰਮ ਕਰਨਾ ਨਾ ਆਏ ਤਾਂ ਉਹੀ ਮਾਂ ਦਾ ਕਹਿਣ ਦਾ ਰੰਗ-ਢੰਗ ਬਦਲ ਜਾਂਦਾ ਹੈ, 'ਵਿਆਹੀ ਵਰ੍ਹੀ ਏਂ, ਸਿਆਣੀ-ਬਿਆਣੀ, ਇੰਨਾ ਕੰਮ ਕਰਨਾ ਵੀ ਨਹੀਂ ਆਉਂਦਾ। ਮਾਂ ਨੇ ਸਿਖਾਇਆ ਨਹੀਂ ਕੁਝ'। ਇੱਕ ਔਰਤ ਦਾ ਮਾਂ ਦਾ ਰੂਪ ਹੋਰ ਤੇ ਸੱਸ ਦਾ ਹੋਰ, ਆਪਣੀ ਧੀ ਨਿਆਣੀ ਜਾਪਦੀ ਹੈ ਤੇ ਉਸੇ ਉਮਰ ਦੀ ਦੂਸਰੇ ਦੀ ਧੀ ਨੂੰ ਸਿਆਣੀ-ਬਿਆਣੀ ਕਹਿ ਕੇ ਵਿਅੰਗ ਕੱਸਿਆ ਜਾਂਦਾ ਹੈ। ਜੇ ਅਸੀਂ ਆਪਣੀ ਧੀ ਦੀਆਂ ਅਨੇਕਾਂ ਗ਼ਲਤੀਆਂ ਅਣਗੌਲਿਆਂ ਕਰ ਸਕਦੇ ਹਾਂ ਤਾਂ ਨੂੰਹ ਦੀ ਇੱਕ ਗ਼ਲਤੀ ਮੁਆਫ਼ ਕਿਉਂ ਨਹੀਂ ਕੀਤੀ ਜਾ ਸਕਦੀ? ਅੱਜ ਲੋੜ ਹੈ ਅਜਿਹੀ ਮਾਨਸਿਕਤਾ ਨੂੰ ਬਦਲਣ ਦੀ।

ਇੱਕ ਧੀ ਕਿਵੇਂ ਇੱਕ ਚੰਗੀ ਨੂੰਹ ਬਣੇ, ਇਸ ਬਾਰੇ ਮਾਂ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ, ਕਦਮ-ਕਦਮ 'ਤੇ ਚੰਗੀ ਸਿੱਖਿਆ ਤੇ ਸੰਸਕਾਰ ਦੇਣ ਦੀ ਲੋੜ ਹੈ ਤਾਂ ਕਿ ਉਸ ਨੂੰ ਕਿਸੇ ਤਰ੍ਹਾਂ ਦੇ ਵਿਅੰਗ ਜਾਂ ਟੋਕਾ-ਟਾਕੀ ਦਾ ਸ਼ਿਕਾਰ ਨਾ ਹੋਣਾ ਪਵੇ। ਨਿਰਸੰਦੇਹ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਮੁੰਡੇ-ਕੁੜੀਆਂ ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ ਹੋੜ ਵਿੱਚ ਹਨ। ਪੜ੍ਹਾਈ ਪੂਰੀ ਹੁੰਦਿਆਂ ਹੀ ਨੌਕਰੀ ਕਰਨ ਦਾ ਰੁਝਾਨ ਵੀ ਵਧਦਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਲੜਕੀਆਂ ਦੇ ਮਾਪਿਆਂ ਕੋਲ ਇੱਕ ਬਹਾਨਾ ਹੁੰਦਾ ਹੈ ਕਿ ਕਿਸ ਵੇਲੇ ਘਰ ਦਾ ਕੰਮ-ਕਾਜ ਸਿਖਾਇਆ ਜਾਏ। ਪਰ ਸੁਚੱਜੀਆਂ ਮਾਵਾਂ ਛੁੱਟੀ ਵਾਲੇ ਦਿਨ ਮੌਕਾ ਵੇਖ ਕੇ ਧੀਆਂ ਨੂੰ ਕੰਮ-ਕਾਜ ਵਿੱਚ ਮਾਹਿਰ ਕਰ ਲੈਂਦੀਆਂ ਹਨ। ਘਰ ਦਾ ਕੰਮ ਤੇ ਰੋਟੀ-ਪਾਣੀ ਕਰਨਾ ਤਾਂ ਪਰਿਵਾਰ ਦੀਆਂ ਮੁੱਢਲੀਆਂ ਲੋੜਾਂ ਹਨ। ਜੇ ਇਨ੍ਹਾਂ ਕੰਮਾਂ ਲਈ ਨੌਕਰਾਣੀ ਰੱਖ ਵੀ ਲਈ ਜਾਏ ਤਾਂ ਵੀ ਉਸ ਨੂੰ ਗਾਈਡ ਕਰਨ ਦੀ ਲੋੜ ਪੈਂਦੀ ਹੈ। ਕੰਮ ਵੀ ਤਾਂ ਹੀ ਕਰਵਾਇਆ ਜਾ ਸਕਦਾ ਹੈ ਜੇ ਆਪ ਨੂੰ ਕੁਝ ਆਉਂਦਾ ਹੋਵੇਗਾ। ਹਰ ਧੀ ਵਿੱਚ ਇੱਕ ਸੁੱਘੜ-ਸੁਚੱਜੀ ਧੀ, ਭੈਣ, ਪਤਨੀ ਤੇ ਮਾਂ ਦੇ ਗੁਣ ਹੋਣੇ ਲੋੜੀਂਦੇ ਹਨ ਤਾਂ ਕਿ ਕੱਲ੍ਹ ਨੂੰ ਇੱਕ ਸੋਹਣੇ-ਸੁਚੱਜੇ ਘਰ ਦੀ ਮਾਲਕਣ, ਇੱਕ ਸੰਸਕਾਰੀ ਨੂੰਹ ਬਣਨ ਦੇ ਕਾਬਲ ਹੋਵੇ। ਜੇ ਇੱਕ ਧੀ ਚਾਹੁੰਦੀ ਹੈ ਕਿ ਉਸ ਦੇ ਮਾਪਿਆਂ ਦੀ ਸੇਵਾ-ਸੰਭਾਲ ਤੇ ਸਤਿਕਾਰ ਹੋਵੇ ਤਾਂ ਇਹੀ ਨਿਯਮ ਉਸ ਉੱਤੇ ਵੀ ਲਾਗੂ ਹੁੰਦਾ ਹੈ ਕਿ ਉਹ ਆਪਣੇ ਸੱਸ-ਸਹੁਰੇ ਦੀ ਦੇਖ-ਭਾਲ ਤਨਦੇਹੀ ਨਾ ਕਰੇ। ਪਰ ਯਾਦ ਰਹੇ ਕਿ ਇਹ ਸੰਸਕਾਰ ਉਸ ਨੇ ਮਾਪਿਆਂ ਦੇ ਘਰੋਂ ਗ੍ਰਹਿਣ ਕਰਨੇ ਹੁੰਦੇ ਹਨ।

ਜੇ ਇੱਕ ਧੀ ਕਿਤੇ ਨੂੰਹ ਦਾ ਤੇ ਕਿਤੇ ਧੀ ਦਾ ਫਰਜ਼ ਨਿਭਾਉਂਦੀ ਹੈ ਤਾਂ ਦੂਸਰੇ ਪਾਸੇ ਇੱਕ ਮਾਂ ਹੀ ਸੱਸ ਬਣਦੀ ਹੈ। ਲੋੜ ਹੈ, ਮਾਂ ਇਸ ਰਿਸ਼ਤੇ ਵਿੱਚ ਸੰਤੁਲਨ ਕਾਇਮ ਰੱਖੇ ਅਤੇ ਧੀ ਤੇ ਨੂੰਹ ਵਿੱਚ ਅੰਤਰ ਨਾ ਕਰਕੇ ਵਧੀਆ ਰੋਲ ਅਦਾ ਕਰੇ ਤੇ ਦੋਹਾਂ ਨੂੰ ਚੰਗੀ ਸਿੱਖਿਆ ਦੇਵੇ। ਕਿਸੇ ਨੇ ਸੱਚ ਕਿਹਾ ਹੈ ਕਿ ਔਰਤ ਬਿਨਾਂ ਘਰ ਨਹੀਂ ਬਣਦੇ ਅਤੇ ਪਰਮਾਤਮਾ ਨੇ ਉਸ ਨੂੰ ਏਨਾ ਵਿਸ਼ਾਲ ਹਿਰਦਾ ਦਿੱਤਾ ਹੈ ਕਿ ਦਿਨ-ਰਾਤ ਖੁਸ਼ੀ-ਖੁਸ਼ੀ ਪਰਿਵਾਰਕ ਜ਼ਿੰਮੇਵਾਰੀ ਨਿਭਾਉਂਦੀ ਹੋਈ ਵੀ ਮੱਥੇ ਵੱਟ ਨਹੀਂ ਪਾਉਂਦੀ। ਪਰ ਜੇ ਬਦਲੇ ਵਿੱਚ ਉਸ ਨੂੰ ਥੋੜ੍ਹੀ ਜਿਹੀ ਪ੍ਰਸ਼ੰਸਾ ਮਿਲ ਜਾਏ ਤਾਂ ਉਸ ਦਾ ਹੌਸਲਾ ਦੁੱਗਣਾ ਹੋ ਜਾਂਦਾ ਹੈ। ਅਜੋਕੀ ਪੜ੍ਹੀ-ਲਿਖੀ ਔਰਤ ਨੇ ਆਪਣੀ ਲਗਨ ,ਮਿਹਨਤ ਤੇ ਯੋਗਤਾ ਨਾਲ ਸਿੱਧ ਕਰ ਦਿੱਤਾ ਹੈ ਕਿ ਘਰ ਹੋਵੇ ਜਾਂ ਬਾਹਰ, ਉਹ ਆਪਣੀ ਪ੍ਰਤਿਭਾ ਦਾ ਸਿੱਕਾ ਜਮਾ ਰਹੀ ਹੈ। ਬਸ ਉਹ ਇੰਨਾ ਹੀ ਚਾਹੁੰਦੀ ਹੈ ਕਿ ਉਸ ਨੂੰ ਘਰ ਵਿੱਚ ਬਣਦਾ ਮਾਣ-ਸਨਮਾਨ ਤੇ ਚੰਗੀ ਨੂੰਹ ਦਾ ਦਰਜਾ ਮਿਲੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਇੱਕ ਧੀ, ਇੱਕ ਨੂੰਹ ਹੀ ਘਰ ਦੀ

ਹੋਂਦ ਨੂੰ ਮਜ਼ਬੂਤ ਤੇ ਸ਼ਕਤੀਸ਼ਾਲੀ ਬਣਾਉਂਦੀ ਹੈ, ਉਹ ਸਮਾਜਿਕ ਰਿਸ਼ਤਿਆਂ ਦੀ ਧਰੋਹਰ ਹੈ, ਘਰ ਦਾ ਸੰਕਲਪ ਉਸ ਨਾਲ ਜੁੜਿਆ ਹੋਇਆ ਹੈ ਤਾਂ ਹੀ ਉਸ ਨੂੰ ਘਰਵਾਲੀ ਦਾ ਰੁਤਬਾ ਹਾਸਲ ਹੈ। ਕੁਰਬਾਨੀ ਦੇ ਮਹਾਨ ਜਜ਼ਬੇ ਸਦਕਾ ਹੀ ਉਹ ਦੋਹਰੀ ਜ਼ਿੰਮੇਵਾਰੀ ਨਿਭਾਅ ਕੇ ਪਰਿਵਾਰ ਨੂੰ ਖ਼ੁਸ਼ਹਾਲ ਰੱਖਣ ਦਾ ਯਤਨ ਕਰਦੀ ਹੈ, ਪਰ ਨੋਕ-ਝੋਕ ਕਰਨ ਵਾਲੇ ਪਰਿਵਾਰਾਂ ਵਿੱਚ ਉਸਦੀ ਉਹ ਕਦਰ ਨਹੀਂ ਪੈਂਦੀ, ਜਿਸ ਦੀ ਉਹ ਹੱਕਦਾਰ ਹੈ। ਕਈ ਤਾਂ ਇੱਥੋਂ ਤੱਕ ਕਹਿ ਦਿੰਦੇ ਹਨ ਕਿ ਔਰਤਾਂ ਵਿਹਲੀਆਂ ਨੂੰ ਸਾਰਾ ਦਿਨ ਕੰਮ ਹੀ ਕੀ ਹੈ? ਕੋਈ ਉਨ੍ਹਾਂ ਨੂੰ ਪੁੱਛੇ ਤੁਸੀਂ ਇੱਕ ਦਿਨ ਸਾਰੀ ਜ਼ਿੰਮੇਵਾਰੀ ਚੁੱਕ ਕੇ ਤਾਂ ਵੇਖੋ ਫਿਰ ਪਤਾ ਲੱਗੇਗਾ ਕਿ ਨੌਕਰੀ ਤੇ ਘਰ-ਪਰਿਵਾਰ ਵਿੱਚ ਸੰਤੁਲਨ ਰੱਖਣਾ ਕਿੰਨਾ ਕੁ ਸੌਖਾ ਹੈ? 'ਧੀ' ਸ਼ਬਦ ਹੀ ਅਜਿਹਾ ਹੈ, ਜਿਸ ਨਾਲ ਕਈ ਰਿਸ਼ਤੇ ਜੁੜੇ ਹੁੰਦੇ ਹਨ ਜੋ ਉਹ ਸਾਰੀ ਉਮਰ ਨਿਭਾਉਂਦੀ ਹੈ। ਅਕਸਰ ਘਰਾਂ ਵਿੱਚ ਮਾਂ ਛੋਟੀ ਉਮਰ ਤੋਂ ਹੀ ਧੀ ਨੂੰ ਛੋਟੇ-ਛੋਟੇ ਕੰਮ ਕਰਨ ਨੂੰ ਕਹਿੰਦੀ ਰਹਿੰਦੀ ਹੈ ਤਾਂ ਕਿ ਸਹੁਰੇ ਘਰ ਜਾ ਕੇ ਧੀ ਨੂੰ ਪਰੇਸ਼ਾਨੀ ਨਾ ਹੋਵੇ। ਘਰ ਦੇ ਕੰਮਾਂ ਤੋਂ ਇਲਾਵਾ ਉਸ ਨੂੰ ਰਿਸ਼ਤੇ ਬਣਾਉਣ ਤੇ ਨਿਭਾਉਣ ਦੀ ਸਿੱਖਿਆ ਵੀ ਮਾਂ ਕੋਲੋਂ ਹੀ ਮਿਲਦੀ ਹੈ। ਜਿਹੜੀ ਧੀ ਸਮਝਦਾਰ ਹੁੰਦੀ ਹੈ ਉਹ ਤਾਂ ਮਾਂ ਦੀਆਂ ਸਿੱਖਿਆਵਾਂ ਨੂੰ ਪੱਲੇ ਬੰਨ੍ਹ ਕੇ ਸਹੁਰੇ ਘਰ ਕਦਮ ਰੱਖਦੀ ਹੈ। ਮਾਂ ਦਾ ਫਰਜ਼ ਬਣਦਾ ਹੈ ਕਿ ਧੀ ਦੇ ਗ਼ਲਤ ਵਿਵਹਾਰ ਉੱਤੇ ਉਸ ਨੂੰ ਟੋਕੇ ਤੇ ਸਹੀ ਮਾਰਗ-ਦਰਸ਼ਨ ਕਰੇ ਤਾਂ ਜੋ ਉਹ ਆਪਣੇ ਰਿਸ਼ਤੇ ਤੇ ਜ਼ਿੰਮੇਵਾਰੀਆਂ ਬਾਖੂਬੀ ਨਿਭਾਅ ਸਕੇ। ਵਿਆਹ ਉਪਰੰਤ ਸ਼ੁਰੂ ਵਿੱਚ ਪਰਿਵਾਰ ਦੇ ਮੈਂਬਰਾਂ ਦੇ ਸੁਭਾਅ ਤੇ ਆਦਤਾਂ ਨੂੰ ਸਮਝਣ ਲਈ ਸਮਾਂ ਜ਼ਰੂਰ ਲੱਗਦਾ ਹੈ, ਗ਼ਲਤ-ਫਹਿਮੀਆਂ ਵੀ ਪੈਦਾ ਹੋ ਜਾਂਦੀਆਂ ਹਨ, ਪਰ ਜਿਉਂ-ਜਿਉਂ ਸਮਾਂ ਬੀਤਦਾ ਹੈ ਦੋਹਾਂ ਧਿਰਾਂ ਨੂੰ ਸਮਝ ਆ ਜਾਂਦੀ ਹੈ ਅਤੇ ਹਾਲਾਤ ਮੁਤਾਬਕ ਢਲਣਾ ਹੀ ਸਮਝਦਾਰੀ ਹੈ। ਗ੍ਰਹਿਸਥ ਜੀਵਨ ਵਿੱਚ ਪਿਆਰ ਤੇ ਭਰੋਸਾ ਕਾਇਮ ਰੱਖਣਾ ਜ਼ਰੂਰੀ ਹੁੰਦਾ ਹੈ। ਜੇ ਪਰਿਵਾਰਕ ਮੈਂਬਰਾਂ ਤੇ ਪਤੀ-ਪਤਨੀ ਵਿੱਚ ਇਹ ਭਾਵਨਾ ਪੈਦਾ ਹੋ ਜਾਏ ਕਿ ਸਾਰੇ ਇੱਕ-ਦੂਸਰੇ ਦਾ ਸਨਮਾਨ ਕਰਨ, ਕਿਸੇ ਉੱਤੇ ਹੰਕਾਰ ਭਾਰੂ ਨਾ ਹੋਵੇ, ਇੱਕ-ਦੂਸਰੇ ਦੀ ਸਹਿਮਤੀ ਨਾਲ ਸਾਰੇ ਕੰਮ ਕੀਤੇ ਜਾਣ, ਪੈਸੇ ਦੇ ਮਾਮਲੇ ਵਿੱਚ ਤੇਰ-ਮੇਰ ਨਾ ਹੋਵੇ, ਕਿਸੇ ਤਰ੍ਹਾਂ ਦੀ ਗ਼ਲਤੀ ਹੋਣ 'ਤੇ ਮੁਆਫੀ ਮੰਗ ਲਈ ਜਾਏ, ਇੱਕ-ਦੂਸਰੇ ਦੀਆਂ ਗ਼ਲਤੀਆਂ ਉਛਾਲਣ ਦੀ ਬਜਾਏ ਸੁਧਾਰਨ ਦਾ ਮੌਕਾ ਦਿੱਤਾ ਜਾਏ, ਭਰੋਸਾ ਕਾਇਮ ਰੱਖਿਆ ਜਾਵੇ ਅਤੇ ਚੰਗੇ ਕੰਮ ਕਰਨ'ਤੇ ਇੱਕ-ਦੂਸਰੇ ਦੀ ਪ੍ਰਸ਼ੰਸਾ ਕੀਤੀ ਜਾਏ ਤਾਂ ਮਨਾਂ ਵਿੱਚ ਪਿਆਰ ਤੇ ਸਤਿਕਾਰ ਵਧਦਾ ਹੈ। ਜੇ ਧੀਆਂ ਨੂੰ ਅਜਿਹੇ ਨੇਕ ਵਿਚਾਰ ਤੇ ਸੰਸਕਾਰ ਦੇ ਕੇ ਸਹੁਰੇ ਘਰ ਤੋਰਾਂਗੇ ਤਾਂ ਮੈਨੂੰ ਨਹੀਂ ਜਾਪਦਾ ਕਿ ਉਹ ਇੱਕ ਚੰਗੀ ਨੂੰਹ ਹੋਣ ਦਾ ਮਾਣ ਹਾਸਲ ਕਰਨ ਤੋਂ ਵਾਂਝੀ ਰਹੇਗੀ ਅਤੇ ਇੱਕ ਸੱਸ ਉਸ ਨਾਲ ਮਾਂ ਵਾਲਾ ਵਿਵਹਾਰ ਕਰਨ ਤੋਂ ਗੁਰੇਜ਼ ਕਰੇਗੀ ।

-ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ



ਬਜ਼ੁਰਗ

*ਜਸਵੰਤ ਸਿੰਘ ਸੈਣੀ
ਰੂਪਨਗਰ

ਕਿਤਨਾ ਆਸਾਨ ਵ ਸਸਤਾ ਹੈ ਬਜ਼ੁਰਗੋਂ ਕਾ ਏਸਾਜ਼
ਕਾਫੀ ਹੈ ਉਨ ਕੇ ਲੀਏ ਮੁਹੱਬਤ ਕੇ ਚੰਦ ਇਲਫਾਜ਼।

ਬੂੜ੍ਹੇ ਬਜ਼ੁਰਗ ਖੂਬੀਓਂ ਕੇ ਹੈਂ ਖਜ਼ਾਨੇ
ਪਤਾ ਫਕਤ ਉਨ ਕੋ ਜੋ ਹਕੀਕਤੇਂ ਜ਼ਿੰਦਗੀ ਜਾਨਤੇ।

ਬਜ਼ੁਰਗੋਂ ਕੀ ਖਾਤਰਦਾਰੀ ਕਰਨੀ ਹੈ ਤੋ ਸਾਂਸ ਚਲਤੇ ਕਰ
ਸਾਂਸ ਫਾਖਤਾ ਹੋਨੇ ਪਰ ਮਹਿਜ਼ ਦਿਖਾਵਾ ਰਹਿ ਜਾਏਗਾ।

ਬਦਲੇ ਜ਼ਮਾਨੇ ਮੇ ਬਦਲਨਾ ਹੋਗਾ ਬਜ਼ੁਰਗੋਂ ਕੋ ਅਪਨਾ ਮਿਜ਼ਾਜ
ਸ਼ਾਗਿਰਦੋਂ ਕੀ ਕਰਨੀ ਪੜ ਸਕਤੀ ਹੈ ਸ਼ਾਗਿਰਦੀ ਇਖਤਿਆਰ।

ਨਈ ਈਜ਼ਾਦੇਂ ਹਰ ਰੋਜ਼ ਨਈ ਤਬਦੀਲੀ ਲਾਤੀ ਹੈਂ
ਅਪਨੇ ਹੀ ਘਰ ਬਜ਼ੁਰਗੋਂ ਕੋ ਬੇਘਰ ਕਰ ਜਾਤੀ ਹੈਂ।

ਮੇਰਾ ਸੱਚ ਤੋ ਕਭੀ ਕਾ ਬਿਖਰ ਗਿਆ ਹੋਤਾ
ਗਰ ਝੂਠ ਕੇ ਆਗੇ ਜਸਵੰਤ ਝੁਕ ਗਿਆ ਹੋਤਾ।

*ਇਸ ਲੇਖਕ ਦੀ ਪਲੇਠੀ ਕਾਵਿ-ਪੁਸਤਕ ' ਸ਼ੌਕ ਏ ਸ਼ਾਇਰੀ' 12 ਅਗਸਤ 2018 ਨੂੰ ਲੋਕ-ਅਰਪਣ ਹੋਈ ਹੈ। ਇਹ ਉਰਦੂ ਭਾਸ਼ਾ ਵਿੱਚ ਲਿਖੀ ਗਈ ਹੈ ਜਿਸ ਦਾ ਗੁਰਮੁਖੀ ਲਿਪੀ ਵਿੱਚ ਅਨੁਵਾਦ ਵੀ ਨਾਲੋ-ਨਾਲ ਦਰਜ ਕੀਤਾ ਗਿਆ ਹੈ ਜਿਸ ਨਾਲ ਉਰਦੂ ਨਾ ਪੜ੍ਹ ਸਕਣ ਵਾਲਾ ਵੀ ਇਸ ਦਾ ਕਾਵਿ-ਰਸ ਮਾਣ ਸਕਦਾ ਹੈ। ਇਹ ਪੁਸਤਕ ਜਿੱਥੇ ਪੰਜਾਬੀ ਅਤੇ ਉਰਦੂ ਜ਼ੁਬਾਨਾਂ ਵਿਚਕਾਰ ਨੇੜਤਾ ਅਤੇ ਸਬੰਧਾਂ ਨੂੰ ਪ੍ਰਗਟ ਕਰਦੀ ਹੈ ਉੱਥੇ ਭਾਰਤੀ-ਪੰਜਾਬ ਅਤੇ ਪਾਕਿਸਤਾਨੀ-ਪੰਜਾਬ ਦੇ ਲੋਕਾਂ ਵਿੱਚਕਾਰ ਆਪਸੀ ਪਿਆਰ ਦੀ ਕੜੀ ਨੂੰ ਮਜ਼ਬੂਤ ਕਰਦੀ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਅਤੇ ਸੰਸਾਰ ਸੰਸਾਰ ਮੈਗਜ਼ੀਨ ਦੀ ਸੰਪਾਦਕੀ ਟੀਮ ਵਲੋਂ ਸਰਦਾਰ ਜਸਵੰਤ ਸਿੰਘ ਸੈਣੀ ਨੂੰ ਬਹੁਤ ਬਹੁਤ ਵਧਾਈ ਹੋਵੇ।

❋ ❋ ❋ ❋ ❋

ਜ਼ਿੰਦਗੀ ਦਾ ਹੀਰੋ

ਮੋਰਿੰਡਾ ਕਸਬੇ ਦਾ **ਸ਼ਬਦਪ੍ਰੀਤ ਸਿੰਘ** ਉਨ੍ਹਾਂ ਸਾਰਿਆਂ ਲਈ ਚਾਨਣ-ਮੁਨਾਰਾ ਹੈ। ਸ਼ਬਦਪ੍ਰੀਤ ਨੇ ਜ਼ਿੰਦਗੀ ਦੇ ਹਰ ਚੈਲੰਜ ਨੂੰ ਪੂਰੀ ਹਿੰਮਤ ਨਾਲ ਕਬੂਲ ਕੀਤਾ ਹੈ। ਰਚਨਹਾਰੇ ਨੇ ਉਸ ਨੂੰ ਇੱਕ ਪੈਰ ਅਤੇ ਦੋ ਹੱਥ ਭਾਵੇਂ ਨਹੀਂ ਦਿੱਤੇ ਪਰ ਦਿਲ ਬਹੁਤ ਤਾਕਤਵਰ ਦਿੱਤਾ ਹੈ। ਇਸ ਤੋਂ ਵੀ ਵੱਧ ਉਹ ਢਾਈ ਕੁ ਸਾਲ ਦੀ ਉਮਰ ਵਿੱਚ ਬਾਪ-ਬਾਹਰਾ ਵੀ ਹੋ ਗਿਆ। ਹੁਣ ਸ਼ਬਦਪ੍ਰੀਤ ਸਿੰਘ ਦੂਜੀ ਜਮਾਤ ਵਿੱਚ ਪੜ੍ਹਦਾ ਹੈ। ਉਹ ਆਪਣੇ ਦੋਵੇਂ ਹੱਥਾਂ ਦੇ ਗੁੱਟਾਂ ਨੂੰ ਜੋੜ ਕੇ ਸ਼ਬਦਾਂ ਦੇ ਮੋਤੀ ਪਰੋਂਦਾ ਹੈ । ਉਹ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਨਾਲ ਨਾਲ ਖੇਡਾਂ ਵਿੱਚ ਵੀ ਵਧ-ਚੜ੍ਹ ਕੇ ਭਾਗ ਲੈਂਦਾ ਹੈ। ਉਹ ਜ਼ਿੰਦਗੀ ਦਾ ਸੱਚਾ ਨਾਇਕ ਹੈ।



The Most Precious Time of My Life

Shahnaz Singh
California

"Lalowali" the word brings so many beautiful memories back. Lalowali is a very small village Located in northern India's state called Punjab. In this village growing up I spent some of the most precious time of my life. I often think about Lalowali and compare my life now and it feels like a completely different life.

My parents sent me to paternal grandparent's house in Lalowali where my grandfather was the head teacher in the local school and my grandmother was not only a house wife but also took a big role as Assistant President of the village for quite some time. People in Lalowali were very simple. Their main source of income was agriculture,. Men were considered the head of the household and they were responsible for taking care of feeding and providing a roof for their family. Women mainly took care of the children and the other household responsibilities such as cooking. Cooking was the major and time-consuming task as all three meals of the day were cooked freshly at home for the entire family. Food was generally vegetarian. The only type of meat I can think of that was eaten was lamb or chicken. Most families were joint families, meaning all three generations lived together. Joint families provided the growing children with plenty of love and attention from all family members, grandparents, parents, uncles, aunts and cousins. This was an environment full of security and strong family values for the children.

Our house was in the middle of the village. It was a single-story house. I remember I used to get up early at 5o' clock in the morning to study. My grandmother always told me it was the best time to study because the mind is fresh in the morning. I would then get ready to go to school after eating my grandmother's delicious home-made breakfast "Aalu Prantha" (stuffing of potatoes, red onions,ginger,garlic, salt , green pepper,cilantro and some Indian herbs in a tortilla) with home-made yogurt or butter and warm milk. My school was near by approximately 10 minutes walking distance from home. It was a very narrow street. I knew everybody and everybody knew me. This is something I never even realized at that time how nice it used to feel to know everybody in the village and if I were playing away from home and got hungry, I was able to walk up to anybody's house and the lady of the house would feed me. My grandmother used to walk me to my school and I think it was her way of spending time with me just two of us, and I used to love that . After school, around 3o' clock , was our tea time. I would return home to find cookies baked fresh by my grandmother, served with tea. While having tea I would give them the detailed description of what my day was like. Then it was time to play with my friends out in the open fields under a big blue sky and it used to feel like the whole world was mine and all the trees, clouds, birds, flowers were playing with me.

It was then time to do my homework. In the meantime my grandmother used to prepare dinner. It was mostly vegetarian food which included freshly cooked vegetables served with yogurt, salad and "Roti" (home- made tortillas). After the dinner I helped my grandmother pick up and wash the dishes. Later we often used to sit on the roof of the house and look at the stars and try to make different figures of them while drinking warm milk. Then it was time to go to sleep and I used to fall asleep while listening to some childhood stories from my grandparents about my dad, uncles and aunts or reading a story in a book or newspaper.

I finished my 5th grade in Lalowali and came back to my hometown, Ropar. It was very simple, yet the most beautiful and precious time of my life. In Lalowali, life was not all about running. It was living life to the fullest.

ਜ਼ਰੂਰੀ ਸੂਚਨਾ ਅਤੇ ਬੇਨਤੀ

ਸਾਲਾਨਾ ਭਾਸ਼ਨ ਪ੍ਰਤਿਯੋਗਤਾ– ਹਰ ਸਾਲ ਵਾਂਗ, ਸਮਾਜ ਦੀਆਂ ਭਖਦੀਆਂ ਸਮੱਸਿਆਵਾਂ 'ਤੇ ਵਿਦਿਆਰਥੀਆਂ ਦੀ ਭਾਸ਼ਨ ਪ੍ਰਤਿਯੋਗਤਾ 31 ਅਕਤੂਬਰ, 2018 ਨੂੰ ਸੈਣੀ ਭਵਨ ਰੂਪਨਗਰ ਵਿਖੇ ਆਯੋਜਿਤ ਕਰਵਾਈ ਜਾਵੇਗੀ। ਇਸ ਪ੍ਰਤਿਯੋਗਤਾ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਸੁਨਿਸ਼ਚਿਤ ਕਰਨ ਲਈ ਇਸ ਨੂੰ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ।

ਜੂਨੀਅਰ ਵਰਗ ਵਿੱਚ ਨੌਵੀਂ ਤੋਂ ਬਾਰ੍ਹਵੀਂ ਤੱਕ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀ ਭਾਗ ਲੈਣ ਦੇ ਯੋਗ ਹਨ ਅਤੇ ਇਹ ਪੰਜਾਬੀ ਭਾਸ਼ਾ ਵਿੱਚ ਹੋਵੇਗੀ ਜਿਸ ਦਾ ਵਿਸ਼ਾ ਹੈ–**'ਬਜ਼ੁਰਗਾਂ ਦਾ ਘਟਦਾ ਸਤਿਕਾਰ– ਕਾਰਨ ਅਤੇ ਹਲ'**

ਸੀਨੀਅਰ ਵਰਗ ਵਿੱਚ ਗਿਆਰ੍ਹਵੀਂ ਤੇ ਇਸ ਤੋਂ ਉੱਪਰਲੀਆਂ ਜਮਾਤਾਂ ਵਿੱਚ ਪੜ੍ਹਦੇ ਵਿਦਿਆਰਥੀ ਭਾਗ ਲੈ ਸਕਣਗੇ। ਇਹ ਪ੍ਰਤਿਯੋਗਤਾ ਅੰਗ੍ਰੇਜ਼ੀ ਭਾਸ਼ਾ ਵਿੱਚ ਹੋਵੇਗੀ ਜਿਸ ਦਾ ਵਿਸ਼ਾ ਹੈ– **' Migration of youth to foreign countries- Necessity or Craze?'**

ਭਾਸ਼ਨ ਦਾ ਸਮਾਂ 4–5 ਮਿੰਟ ਹੋਵੇਗਾ ਅਤੇ ਇਹ ਜ਼ੁਬਾਨੀ ਹੋਵੇਗਾ। ਭਾਸ਼ਨ ਦੀ ਜੱਜਮੈਂਟ ਤਿੰਨ ਸੁਯੋਗ ਵਿਅਕਤੀਆਂ ਦੀ ਟੀਮ ਵਲੋਂ ਕੀਤੀ ਜਾਵੇਗੀ।

ਹਰ ਵਰਗ ਵਿੱਚ ਇੱਕ ਸੰਸਥਾ ਤੋਂ ਦੋ–ਦੋ ਵਿਦਿਆਰਥੀ ਭਾਗ ਲੈ ਸਕਣਗੇ। ਇੱਕ ਸੰਸਥਾ ਦਾ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਨਾਲ ਆ ਸਕਦਾ ਹੈ। ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਅਗਾਊਂ ਰਜਿਸਟ੍ਰੇਸ਼ਨ, ਸੰਸਥਾ ਵਲੋਂ ਨਿਜੀ ਪੱਧਰ 'ਤੇ ਜਾਂ ਟੈਲੀਫੋਨ ਰਾਹੀਂ ਕਰਵਾਉਣੀ ਲਾਜ਼ਮੀ ਹੈ।

ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਜੂਨੀਅਰ ਵਰਗ ਦੇ ਵਿਦਿਆਰਥੀਆਂ ਨੂੰ ਕ੍ਰਮਵਾਰ 1500, 1200 ਅਤੇ 1000 ਰੁਪਏ ਅਤੇ ਸੀਨੀਅਰ ਵਰਗ ਦੇ ਵਿਦਿਆਰਥੀਆਂ ਨੂੰ 2000, 1600 ਅਤੇ 1200 ਰੁਪਏ ਦੇ ਨਗਦ ਇਨਾਮ ਦਿੱਤੇ ਜਾਣਗੇ। ਦੋਵੇਂ ਵਰਗਾਂ ਵਿੱਚ ਚੌਥੇ ਤੇ ਪੰਜਵੇਂ ਸਥਾਨਾਂ 'ਤੇ ਆਉਣ ਵਾਲਿਆਂ ਨੂੰ ਢੁਕਵੇਂ ਕੰਸੋਲੇਸ਼ਨ ਇਨਾਮ ਅਤੇ ਸਾਰੇ ਪ੍ਰਤਿਯੋਗੀਆਂ ਨੂੰ ਸਰਟੀਫੀਕੇਟ ਦਿੱਤੇ ਜਾਣਗੇ।

ਸਾਲਾਨਾ ਸਿੱਖਿਆ ਸਮਾਗਮ– ਹਰ ਸਾਲ ਵਾਂਗ, ਸੈਣੀ ਚੈਰੀਟੇਬਲ ਐਜੈਕੇਸ਼ਨ ਟਰਸਟ (ਰਜਿ.) ਵਲੋਂ ਇਹ ਸਮਾਗਮ 5 ਨਵੰਬਰ,2018 ਨੂੰ ਸੈਣੀ ਭਵਨ ਰੂਪਨਗਰ ਵਿਖੇ ਕਰਵਾਇਆ ਜਾਵੇਗਾ। ਇਸ ਸਮਾਗਮ ਵਿੱਚ ਯੋਗ ਵਿਦਿਆਰਥੀਆਂ ਨੂੰ ਸਾਲਾਨਾ ਵਜ਼ੀਫੇ ਵੰਡੇ ਜਾਣਗੇ। ਇਸ ਤੋਂ ਇਲਾਵਾ ਭਾਸ਼ਨ ਪ੍ਰਤਿਯੋਗਤਾ ਦੇ ਜੈਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ, ਸੈਣੀ ਭਵਨ ਦੇ ਕਿੱਤਾ–ਸਿਖਲਾਈ ਕੇਂਦਰਾਂ ਤੋਂ ਕੋਰਸ ਪੂਰਾ ਕਰ ਚੁੱਕੀਆਂ ਸਿਖਿਆਰਥਣਾਂ ਨੂੰ ਸਰਟੀਫੀਕੇਟ ਦਿੱਤੇ ਜਾਣਗੇ, ਵਜ਼ੀਫਾ ਦੇਣ ਵਾਲੇ ਦਾਨੀ ਸੱਜਣਾ ਦਾ ਸਨਮਾਨ ਕੀਤਾ ਜਾਵੇਗਾ ਅਤੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।

ਸੈਣੀ ਭਵਨ ਦੇ ਹਿਤੈਸ਼ੀ ਅਤੇ ਇਸ ਨਾਲ ਜੁੜੇ ਵਿਅਕਤੀਆਂ ਨੂੰ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕੀਤੀ ਜਾਵੇ।

ਇਹ ਹੈ 'ਖਾਲਸਾ ਏਡ'

ਇਹ ਇੱਕ ਸਮਾਜ ਭਲਾਈ ਸਵੈਸੇਵੀ ਸੰਸਥਾ ਹੈ ਜੋ ਵਿਸ਼ਵ ਭਰ ਵਿੱਚ ਆਫਤਾਂ ਸਮੇਂ ਬੇਸਹਾਰਾ ਅਤੇ ਲਾਚਾਰ ਹੋਏ ਵਿਅਕਤੀਆਂ ਦੀ ਨਿਸ਼ਕਾਮ ਸੇਵਾ ਕਰਦੀ ਹੈ। ਇਸ ਦੀ ਸਥਾਪਨਾ 1999 ਵਿੱਚ ਇੰਗਲੈਂਡ ਵਿੱਚ ਗੁਰੂ ਦੇ ਪਿਆਰੇ ਗੁਰਸਿੱਖ ਰਵਿੰਦਰ ਸਿੰਘ ਰਵੀ ਵਲੋਂ ਕੀਤੀ ਗਈ ਸੀ। ਪੂਰੇ ਸੰਸਾਰ ਵਿੱਚ ਇਸ ਦੇ ਸੈਕੜੇ ਸੇਵਾਦਾਰ ਹਨ ਜੋ ਆਪਣੇ ਨਿੱਤ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਪੀੜਤਾਂ ਦੀ ਮਦਦ ਲਈ ਤੁਰੰਤ ਮੌਕੇ 'ਤੇ ਪਹੁੰਚ ਜਾਂਦੇ ਹਨ। ਇਹ ਸੰਸਥਾ ਬਿਨਾ ਕਿਸੇ ਭੇਦ ਭਾਵ ਦੇ ਦੀਨ–ਦੁਖੀਆਂ ਦੀ ਭਲਾਈ ਲਈ ਹਰ ਸਾਲ ਲੱਖਾਂ ਰੁਪਏ ਖਰਚ ਕਰਦੀ ਹੈ। ਖਾਲਸਾ ਏਡ ਨੇ ਤੁਰਕੀ ਵਿੱਚ ਕੈਂਪ ਲਗਾ ਕੇ ਸੀਰੀਆ ਦੇ ਰਫਿਊਜੀ ਲੋਕਾਂ ਅਤੇ ਬੰਗਲਾ ਦੇਸ਼ ਵਿੱਚ ਬਰਮਾ ਦੇ ਰੋਹੰਗੀਆ ਮੁਸਲਮਾਨਾਂ ਦੀ ਮਦਦ ਕੀਤੀ। ਇਹ ਸੰਸਥਾ ਉੜੀਸਾ ਦੇ ਤੂਫਾਨ–ਪੀੜਤਾਂ ਅਤੇ ਤੁਰਕੀ ਦੇ ਭੂਚਾਲ–ਪੀੜਤਾਂ ਦੀ ਮਦਦ ਲਈ ਬਹੁੜੀ। ਇਸ ਸੰਸਥਾ ਦੇ ਵਲੰਟੀਅਰਾਂ ਨੇ ਅਮਰੀਕਾ ਦੀ ਟੈਕਸਾਸ ਸਟੇਟ ਵਿੱਚ ਸਮੁੰਦਰੀ ਤੂਫਾਨ ਨਾਲ ਬੇਘਰ ਹੋਏ ਗੋਰਿਆਂ ਦੀ ਬਾਂਹ ਫੜੀ। ਖਾਲਸਾ ਏਡ ਨੇ ਮੱਧ ਪ੍ਰਦੇਸ਼ ਵਿੱਚ ਸਿਕਲੀਗਰ ਸਿੱਖਾਂ ਦੀ ਸਹਾਇਤਾ ਲਈ ਕਈ ਸਕੀਮਾਂ ਚਲਾਈਆਂ ਹੋਈਆਂ ਹਨ। ਹੁਣ ਇਸ ਸੰਸਥਾ ਨੇ ਕੇਰਲਾ ਵਿੱਚ ਹੜ੍ਹ ਪੀੜਤਾਂ ਦੀ ਮਦਦ ਲਈ ਲੰਗਰ ਲਗਾਏ ਹੋਏ ਹਨ ਅਤੇ ਉਨ੍ਹਾਂ ਨੂੰ ਜੁੱਤੀਆਂ, ਤਰਪਾਲਾਂ ਅਤੇ ਹੋਰ ਜ਼ਰੂਰੀ ਘਰੇਲੂ ਸਾਮਾਨ ਵੰਡਿਆ ਜਾ ਰਿਹਾ ਹੈ। ਇਹ ਸੰਸਥਾ ਗੁਰੂ ਆਸ਼ੇ ਅਨੁਸਾਰ ਅਮਲੀ ਰੂਪ ਵਿੱਚ 'ਸਰਬੱਤ ਦਾ ਭਲਾ' ਕਰ ਰਹੀ ਹੈ।

ਔਰਤਾਂ ਦੇ ਸਤਾਏ ਸੰਸਦ ਮੈਂਬਰ

ਇੱਕ ਅਖਬਾਰ ਵਿੱਚ ਛਪੀ ਖਬਰ ਅਨੁਸਾਰ ਭਾਜਪਾ ਦੇ ਦੋ ਮੈਂਬਰਾਂ ਨੇ ਸੰਸਦ ਵਿੱਚ ਮੰਗ ਕੀਤੀ ਹੈ ਕਿ ਆਪਣੀਆਂ ਪਤਨੀਆਂ ਹੱਥੋਂ ਸੰਤਾਪ ਹੰਢਾ ਰਹੇ ਪੁਰਸ਼ਾਂ ਦੀਆਂ ਸ਼ਕਾਇਤਾਂ ਸੁਣਨ ਲਈ 'ਮਹਿਲਾ ਕਮਿਸ਼ਨ' ਵਰਗਾ 'ਪੁਰਸ਼ ਕਮਿਸ਼ਨ' ਬਣਾਇਆ ਜਾਵੇ। ਅਕਾਦਮਿਕ ਅਤੇ ਮੁਕਾਬਲਾ ਪ੍ਰੀਖਿਆਵਾਂ ਵਿੱਚ ਪੁਰਸ਼ਾਂ ਨੂੰ ਪਛਾੜਨ ਤੋਂ ਬਾਅਦ ਹੁਣ ਔਰਤਾਂ ਨੇ ਘਰੇਲੂ ਜੰਗਾਂ ਵਿੱਚ ਵੀ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਦੇਖੋ ਸਮੇਂ ਦਾ ਕਮਾਲ!

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ



ਸੈਣੀ ਸੰਸਾਰ
Saini Sansar

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ